People's Herald

People's Herald

Rs- 100/month



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

“Equality and Justice”

स्वतंत्रता, समानता, भाईचारा

PATIALA On line paper 21 ਜੂਨ 2025 ਸ਼ਨਿੱਚਰਵਾਰ “ਰੋਜ਼ਾਨਾ” ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO- 10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜ੍ਹਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



“ਇਕੁਐਲਿਟੀ ਐਂਡ ਜਸਟਿਸ”

## ਪੰਜਾਬ ਵਿਚ ਪਾਣੀ ਸੰਭਾਲਣ ਲਈ ਨਵੀਂ ਨੀਤੀ ਹੋਵੇਗੀ ਤਿਆਰ : CM ਮਾਨ

### CM ਮਾਨ ਵੱਲੋਂ ਜਲ ਸਰੋਤ ਵਿਭਾਗ ਨਾਲ ਉੱਚ ਪੱਧਰੀ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਅਤੇ ਮੰਤਰੀਆਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਰਾਜ ਵਿੱਚ ਪਾਣੀ ਦੇ ਸਰੋਤਾਂ ਦੀ ਸੰਭਾਲ ਅਤੇ ਪ੍ਰਬੰਧਨ ਨੂੰ ਲੈ ਕੇ ਗੰਭੀਰ ਵਿਚਾਰ-ਚਰਚਾ ਹੋਈ।



ਭਗਵੰਤ ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ‘ਇੰਟੀਗ੍ਰੇਟਡ ਸਟੇਟ ਵਾਟਰ ਪਲਾਨ’ (Integrated State Water Plan) ਤਿਆਰ ਕਰਨ ਜਾ ਰਹੀ ਹੈ। ਇਸ ਯੋਜਨਾ ਤਹਿਤ, ਹਰ ਬਲਾਕ ਪੱਧਰ ‘ਤੇ ਪਾਣੀ ਦੀ ਬਚਤ, ਸੰਭਾਲ ਅਤੇ ਪ੍ਰਬੰਧਨ ਲਈ ਵਿਸਥਾਰਤ ਯੋਜਨਾ ਬਣਾਈ ਜਾਵੇਗੀ, ਤਾਂ ਜੋ ਰਾਜ ਵਿੱਚ ਪਾਣੀ ਦੀ ਘੱਟ ਹੋ ਰਹੇ ਪੱਧਰ ਨੂੰ ਰੋਕਿਆ ਜਾ ਸਕੇ ਅਤੇ ਭਵਿੱਖ ਲਈ ਪਾਣੀ ਦੀ ਵਾਫ਼ਰ ਮਾਤਰਾ ਯਕੀਨੀ ਬਣਾਈ ਜਾ ਸਕੇ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਾਣੀ ਦੀ ਵਰਤੋਂ, ਸੰਭਾਲ ਅਤੇ ਮੁੜ-ਵਰਤੋਂ ਲਈ ਵਿਗਿਆਨਕ ਅਤੇ ਨਵੀਨਤਮ ਤਰੀਕਿਆਂ ਨੂੰ ਅਪਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਪਾਣੀ ਦੀ ਸੰਭਾਲ ਲਈ ਸਰਕਾਰ ਵਲੋਂ ਹਰ ਸੰਭਵ ਕਦਮ ਚੁੱਕੇ ਜਾਣਗੇ।

## 1000 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਲਈ ਹਵਾਈ ਖੇਤਰ ’ਤੇ ਲੱਗੀ ਪਾਬੰਦੀ ਹਟਾਏਗਾ ਇਰਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਇਰਾਨ ਨੇ ਵਿਸ਼ੇਸ਼ ਸੈਨਤ ਦਿਖਾਉਂਦਿਆਂ ਇਕ ਹਜ਼ਾਰ ਦੇ ਕਰੀਬ ਭਾਰਤੀ ਨਾਗਰਿਕਾਂ, ਜਿਨ੍ਹਾਂ ਵਿਚੋਂ ਬਹੁਗਿਣਤੀ ਭਾਰਤੀ ਵਿਦਿਆਰਥੀਆਂ ਦੀ ਹੈ, ਨੂੰ ਮਸ਼ਾਦ ਸ਼ਹਿਰ ਤੋਂ ਸੁਰੱਖਿਅਤ ਕੱਢਣ ਲਈ ਆਪਣੇ ਹਵਾਈ ਖੇਤਰ ’ਤੇ ਲੱਗੀ ਪਾਬੰਦੀ ਆਰਜ਼ੀ ਤੌਰ ’ਤੇ ਹਟਾਉਣ ਦਾ ਫੈਸਲਾ ਕੀਤਾ ਹੈ। ਭਾਰਤੀ ਨਾਗਰਿਕਾਂ ਨੂੰ ਤਿੰਨ ਚਾਰਟਰ ਉਡਾਣਾਂ ਰਾਹੀਂ ਨਵੀਂ ਦਿੱਲੀ ਲਿਆਂਦਾ ਜਾਵੇਗਾ। ਭਾਰਤ ਵਿਚ ਇਰਾਨੀ ਮਿਸ਼ਨ ਦੇ ਉਪ ਮੁਖੀ ਮੁਹੰਮਦ ਜਾਵੇਦ ਹੁਸੈਨੀ ਨੇ ਕਿਹਾ ਕਿ ਲੋੜ ਪੈਣ ’ਤੇ ਅਗਲੇ ਦਿਨਾਂ ਵਿਚ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਕੁਝ ਹੋਰ ਉਡਾਣਾਂ ਚਲਾਈਆਂ ਜਾ ਸਕਦੀਆਂ ਹਨ।

ਇਰਾਨ ਦੀ ਰਾਜਧਾਨੀ ਤਹਿਰਾਨ ’ਤੇ ਇਜ਼ਰਾਇਲੀ ਹਮਲਿਆਂ ਮਗਰੋਂ ਭਾਰਤੀ ਨਾਗਰਿਕਾਂ ਨੂੰ ਉਥੋਂ ਮਸ਼ਾਦ ਲਿਆਂਦਾ ਗਿਆ ਹੈ। ਮਸ਼ਾਦ ਤੋਂ ਭਾਰਤੀਆਂ ਨੂੰ ਲੈ ਕੇ ਆਉਣ ਵਾਲੀਆਂ ਉਡਾਣਾਂ ਦਾ ਪ੍ਰਬੰਧ ਨਵੀਂ ਦਿੱਲੀ ਵੱਲੋਂ ਕੀਤਾ ਗਿਆ ਹੈ ਤੇ ਉਡਾਣਾਂ ਇਰਾਨ ਦੀ ਏਅਰਲਾਈਨ Mahan ਵੱਲੋਂ ਚਲਾਈਆਂ ਜਾਣਗੀਆਂ। ਪਹਿਲੀ ਉਡਾਣ ਦੇ ਸ਼ੁੱਕਰਵਾਰ ਸ਼ਾਮੀਂ ਦਿੱਲੀ ਪੁੱਜਣ ਦੀ ਉਮੀਦ ਹੈ। ਭਾਰਤੀ ਨਾਗਰਿਕਾਂ ਨੂੰ ਲੈ ਕੇ ਆ ਰਹੀ ਇਕ ਹੋਰ ਉਡਾਣ ਤੁਰਕਮੇਨਿਸਤਾਨ ਦੀ ਰਾਜਧਾਨੀ ਅਸ਼ਗਾਬਾਤ ਤੋਂ ਦਿੱਲੀ ਪਹੁੰਚੇਗੀ। ਅਸ਼ਗਾਬਾਤ ਰਸਤੇ ਭਾਰਤ ਆ ਰਹੇ ਭਾਰਤੀ ਨਾਗਰਿਕ ਇਰਾਨ ਤੋਂ ਸਰਹੱਦ ਰਸਤੇ ਤੁਰਕਮੇਨਿਸਤਾਨ ਵਿਚ ਦਾਖ਼ਲ ਹੋਏ ਸਨ।

ਭਾਰਤ ਨੇ ਇਰਾਨ-ਇਜ਼ਰਾਈਲ ਟਕਰਾਅ ਕਰਕੇ ਮੌਜੂਦਾ ਸੁਰੱਖਿਆ ਹਾਲਾਤ ਦੇ ਮੱਦੇਨਜ਼ਰ ਇਰਾਨ ਅਤੇ ਇਜ਼ਰਾਈਲ ਤੋਂ ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਬੁੱਧਵਾਰ ਨੂੰ Operation Sindhu ਸ਼ੁਰੂ ਕੀਤਾ ਸੀ।

ਭਾਰਤੀਆਂ ਨੂੰ ਲੈ ਕੇ ਆ ਰਹੀ ਪਹਿਲੀ ਚਾਰਟਰ ਉਡਾਣ ਸ਼ੁੱਕਰਵਾਰ ਰਾਤੀਂ ਦਿੱਲੀ ਪਹੁੰਚੇਗੀ।

## “ਮੈਂ ਪਾਕਿਸਤਾਨ ਦੇ ਫੌਜ ਮੁਖੀ ਅਸੀਮ ਮੁਨੀਰ ਨੂੰ ਮਿਲਣਾ ਸਨਮਾਨ ਸਮਝਦਾ ਹਾਂ”- ਟਰੰਪ

### ਮੁਲਾਕਾਤ ਤੋਂ ਪਹਿਲਾਂ ਹੀ ਟਰੰਪ ਨੇ ਕਿਹਾ ਸੀ ਕਿ ਉਹ ‘ਪਾਕਿਸਤਾਨ ਨੂੰ ਪਿਆਰ ਕਰਦੇ ਹਨ।’

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਅਮਰੀਕੀ ਰਾਸ਼ਟਰਪਤੀ ਅਤੇ ਅਸੀਮ ਮੁਨੀਰ ਵਿਚਕਾਰ ਇਹ ਮੁਲਾਕਾਤ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਤੋਂ ਇੱਕ ਮਹੀਨੇ ਬਾਅਦ ਹੋਈ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਅਸੀਮ ਮੁਨੀਰ ਨੂੰ ਵ੍ਹਾਈਟ ਹਾਊਸ ਵਿੱਚ ਸੱਦਾ ਦਿੱਤਾ ਸੀ ਤਾਂ ਜੋ ਪਾਕਿਸਤਾਨ ਅਤੇ ਭਾਰਤ ਵਿਚਕਾਰ ਜੰਗ ਰੋਕਣ ਲਈ ਧੰਨਵਾਦ ਕੀਤਾ ਜਾ ਸਕੇ।



ਟਰੰਪ ਨੇ ਓਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਜਨਰਲ ਅਸੀਮ ਮੁਨੀਰ ਨੇ ਭਾਰਤ-ਪਾਕਿਸਤਾਨ ਜੰਗ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ “ਮੈਂ ਪਾਕਿਸਤਾਨ ਦੇ ਫੌਜ ਮੁਖੀ ਅਸੀਮ ਮੁਨੀਰ ਨੂੰ ਮਿਲਣਾ ਸਨਮਾਨ ਸਮਝਦਾ ਹਾਂ।”

ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਕੁਝ ਹਫ਼ਤੇ ਪਹਿਲਾਂ ਭਾਰਤੀ ਪ੍ਰਧਾਨ ਮੰਤਰੀ ਮੋਦੀ ਨਾਲ ਵੀ ਮੁਲਾਕਾਤ ਕੀਤੀ ਸੀ।

ਟਰੰਪ ਨੇ ਕਿਹਾ ਕਿ ਪਾਕਿਸਤਾਨ ਅਤੇ ਭਾਰਤ ਦੋਵੇਂ ਵੱਡੀਆਂ ਪ੍ਰਮਾਣੂ ਸ਼ਕਤੀਆਂ ਹਨ ਅਤੇ ਉਨ੍ਹਾਂ ਵਿਚਕਾਰ ਪ੍ਰਮਾਣੂ ਯੁੱਧ ਹੋ ਸਕਦਾ ਸੀ, ਪਰ “ਦੋ ਸਿਆਣੇ ਆਦਮੀਆਂ ਨੇ ਯੁੱਧ ਨੂੰ ਰੋਕਣ ਦਾ ਫੈਸਲਾ ਕੀਤਾ।”

2006 ਵਿੱਚ, ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਨੇ ਪਾਕਿਸਤਾਨ ਦੇ ਫੌਜੀ ਸ਼ਾਸਕ ਅਤੇ ਉਸ ਸਮੇਂ ਦੇ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਨਾਲ ਮੁਲਾਕਾਤ ਕੀਤੀ।

ਟਰੰਪ ਨੇ ਅੱਗੇ ਕਿਹਾ ਕਿ ਪਾਕਿਸਤਾਨ ਅਤੇ ਭਾਰਤ ਦੋਵਾਂ ਨਾਲ ਵਪਾਰ ਸਮਝੌਤਿਆਂ ਲਈ ਗੱਲਬਾਤ ਚੱਲ ਰਹੀ ਹੈ।

ਪਾਕਿਸਤਾਨੀ ਫੌਜ ਮੁਖੀ ਨਾਲ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ, ਅਮਰੀਕੀ ਰਾਸ਼ਟਰਪਤੀ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 35 ਮਿੰਟ ਲੰਬੀ ਫ਼ੋਨ ‘ਤੇ ਗੱਲਬਾਤ ਕੀਤੀ।

## ਤਬਾਦਲਿਆਂ ਵਿੱਚ ਭ੍ਰਿਸ਼ਟਾਚਾਰ: - ਤਬਾਦਲਿਆਂ ਵਿੱਚ ਭ੍ਰਿਸ਼ਟਾਚਾਰ ਦੀ ਜਾਂਚ ਵਿਜੀਲੈਂਸ ਅਤੇ ਐਸਆਈਟੀ ਤੋਂ ਕਰਵਾਈ ਜਾਵੇ- ਮਾਇਆਵਤੀ ਦੀ ਮੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਲਖਨਊ

ਬਸਪਾ ਸੁਪਰੀਮੋ ਮਾਇਆਵਤੀ ਨੇ ਮੰਗ ਕੀਤੀ ਹੈ ਕਿ ਤਬਾਦਲਿਆਂ ਵਿੱਚ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਵਿਜੀਲੈਂਸ ਅਤੇ ਐਸਆਈਟੀ ਬਣਾ ਕੇ ਕੀਤੀ ਜਾਵੇ। ਉਨ੍ਹਾਂ ਮੁੱਖ ਮੰਤਰੀ ਯੋਗੀ ਨੂੰ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਬਸਪਾ ਸੁਪਰੀਮੋ ਮਾਇਆਵਤੀ ਨੇ ਮੰਗ ਕੀਤੀ ਹੈ ਕਿ ਵੱਖ-ਵੱਖ ਵਿਭਾਗਾਂ ਦੇ ਤਬਾਦਲਿਆਂ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਵਿਜੀਲੈਂਸ ਅਤੇ ਐਸਆਈਟੀ ਬਣਾ ਕੇ ਕੀਤੀ ਜਾਵੇ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਸੋਸ਼ਲ ਸਾਈਟ ਐਕਸ ‘ਤੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਦੇਸ਼ ਦੇ ਜ਼ਿਆਦਾਤਰ ਰਾਜਾਂ ਵਾਂਗ, ਯੂਪੀ ਵਿੱਚ ਵੀ, ਹਰ ਪੱਧਰ ‘ਤੇ ਸਰਕਾਰੀ ਗਤੀਵਿਧੀਆਂ ਦੇ ਨਾਲ-ਨਾਲ, ਭ੍ਰਿਸ਼ਟਾਚਾਰ ਅਤੇ ਵੱਖ-ਵੱਖ ਵਿਭਾਗਾਂ ਵਿੱਚ ਹਿੱਸੇਦਾਰੀ ਦੇ ਦੋਸ਼ਾਂ ਨਾਲ ਘਿਰੇ ਤਬਾਦਲਿਆਂ ਬਾਰੇ ਲਗਾਤਾਰ ਆਮ ਚਰਚਾ ਹੋ ਰਹੀ ਹੈ। ਮੁੱਖ ਮੰਤਰੀ ਨੂੰ ਅਜਿਹੀਆਂ ਖ਼ਬਰਾਂ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਨਾ ਸਿਰਫ਼ ਭ੍ਰਿਸ਼ਟਾਚਾਰ ਵਿਰੋਧੀ ਵਿਜੀਲੈਂਸ ਵਿਭਾਗ ਆਦਿ ਨੂੰ ਸਰਗਰਮ ਕਰਨਾ ਚਾਹੀਦਾ ਹੈ, ਸਗੋਂ ਇੱਕ ਸਮਾਂਬੱਧ ਐਸਆਈਟੀ ਵੀ ਬਣਾਉਣੀ ਚਾਹੀਦੀ ਹੈ ਅਤੇ ਸਿਸਟਮ ਵਿੱਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ, ਜੋ ਕਿ ਲੋਕਾਂ ਅਤੇ ਦੇਸ਼ ਦੇ ਹਿੱਤ ਵਿੱਚ ਜ਼ਰੂਰੀ ਹੈ। ਯੂਪੀ ਦੇ ਮੁੱਖ ਮੰਤਰੀ ਸਰਕਾਰੀ ਭ੍ਰਿਸ਼ਟਾਚਾਰ ਅਤੇ ਅਧਿਕਾਰੀਆਂ ਦੀ ਦੁਰਭਾਵਨਾਪੂਰਨ ਮਨਮਾਨੀ ਵਿਰੁੱਧ ਜਿੰਨੀ ਜਲਦੀ ਸਖ਼ਤ ਕਾਰਵਾਈ ਕਰਦੇ ਹਨ, ਓਨਾ ਹੀ ਚੰਗਾ ਹੈ।

ਦੱਸ ਦੇਈਏ ਕਿ ਸਟੈਂਪ ਅਤੇ ਰਜਿਸਟ੍ਰੇਸ਼ਨ ਵਿਭਾਗ ਵਿੱਚ ਤਬਾਦਲਿਆਂ ਵਿੱਚ ਵੱਡੇ ਪੱਧਰ ‘ਤੇ ਪੈਸੇ ਦੇ ਲੈਣ-ਦੇਣ ਦੀ ਸ਼ਿਕਾਇਤ ‘ਤੇ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਖ਼ਤ ਕਾਰਵਾਈ ਕੀਤੀ ਹੈ ਅਤੇ ਇੰਸਪੈਕਟਰ ਜਨਰਲ ਰਜਿਸਟਰਾਰ (ਆਈਜੀ ਸਟੈਂਪ) ਸਮੀਰ ਵਰਮਾ ਨੂੰ ਹਟਾ ਕੇ ਉਨ੍ਹਾਂ ਨੂੰ ਉਡੀਕ ਸੂਚੀ ਵਿੱਚ ਪਾ ਦਿੱਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਵੱਲੋਂ ਕੀਤੇ



ਗਏ ਸਾਰੇ 210 ਤਬਾਦਲੇ ਰੱਦ ਕਰ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਇਹ ਕਾਰਵਾਈ ਸਟੈਂਪ ਅਤੇ ਰਜਿਸਟ੍ਰੇਸ਼ਨ ਰਾਜ ਮੰਤਰੀ ਰਵਿੰਦਰ ਜੈਸਵਾਲ ਦੀ ਸ਼ਿਕਾਇਤ ‘ਤੇ ਕੀਤੀ ਹੈ। ਜੈਸਵਾਲ ਨੇ ਮੁੱਖ ਮੰਤਰੀ ਨੂੰ ਇੱਕ ਪੱਤਰ ਲਿਖ ਕੇ ਆਈਜੀ ਸਟੈਂਪ ਵੱਲੋਂ ਕੀਤੇ ਗਏ ਤਬਾਦਲਿਆਂ ਵਿੱਚ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਕੀਤੀ ਸੀ। ਮੁੱਖ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਦੇ ਵੀ ਹੁਕਮ ਦਿੱਤੇ ਹਨ।

# ਅਗਰ ਸੱਤਾਧਾਰੀ ਅਤੇ ਸਿਆਸੀ ਦਲ ਦਲਿਤ ਵੰਚਿਤ ਸਮਾਜ ਨਾਲ ਇਨਸਾਫ ਕਰਦੇ ਹੁੰਦੇ ਤਾਂ ਕਦੇ ਵੀ ਦਲਿਤ ਵਰਗ ਨੂੰ ਰਾਜਨੀਤਿਕ ਪਾਰਟੀ ਵੱਖਰੀ ਨਾ ਬਣਾਉਣੀ ਪੈਂਦੀ- ਅੰਬੇਡਕਰ

## ਰਾਜਨੀਤੀ ਵਿੱਚ ਆਉਣਾ ਸਾਡੀ ਮਜਬੂਰੀ ਹੈ ਕਿਉਂਕਿ ਸੱਤਾਧਾਰੀ ਬਣਨ ਵਾਲੇ ਲੋਕ ਪੱਖਪਾਤੀ, ਵਿਤਕਰੇਵਾਦੀ ਹਨ, ਸ਼ੋਸ਼ਤ ਸਮਾਜ ਦਾ ਆਪਣਾ ਇਕ ਮਜਬੂਤ ਸੰਗਠਨ ਹੀ ਸ਼ੋਸ਼ਣ ਤੋਂ ਬਚਾਉਣ ਦਾ ਰਾਹ ਖੋਲ ਸਕਦਾ ਹੈ- ਡਾ. ਅੰਬੇਡਕਰ

"Equality and justice" Patiala 20 June INTERNATIONAL PAPER, 94636 01616 hardipchumber57@gmail.com

ਇੰਜੀ ਹਰਦੀਪ ਸਿੰਘ ਚੁੰਬਰ:

ਕਿਸੇ ਸਮਾਜ, ਅਦਾਰੇ ਜਾ ਹਰ ਵਰਗ ਵਿਸ਼ੇਸ਼ ਵਿੱਚ ਜਿਸ ਅਧਾਰ ਉੱਤੇ ਪੱਖਪਾਤ, ਵਿਤਕਰਾ ਜਾ ਨਾਇਨਸਾਫੀ ਹੁੰਦੀ ਹੈ, ਉਸ ਸ਼ੋਸ਼ਿਤ ਵਰਗ ਵਿਸ਼ੇਸ਼ ਨੂੰ ਵੱਖਰਾ ਸੰਗਠਨ ਬਣਾਉਣ ਦਾ ਰਾਹ ਪੱਧਰਾ ਇਹ ਸਮਾਜ ਹੀ ਕਰ ਦਿੰਦਾ ਹੈ।

ਇਸ ਦੇ ਬਾਅਦ ਜਦੋਂ ਸ਼ੋਸ਼ਿਤ ਸਮਾਜ ਤਾਕਤਵਰ ਸਮਾਜ ਦੇ ਸੰਗਠਨ ਬਣਾਕੇ ਸ਼ੋਸ਼ਣ ਤੋਂ ਬਚਣ ਦਾ ਰਾਹ ਖੋਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸ਼ੋਸ਼ਣ ਕਰਤਾ ਵਰਗ ਸ਼ੇਸ਼ਠ ਸਮਾਜ ਦੇ ਸਵਾਰਥੀ, ਵਿਕਾਊ ਅਤੇ ਕਮੀਨੀ ਮਾਨਸ਼ਿਕਤਾ ਦੇ ਲੋਕਾਂ ਨੂੰ ਲਾਲਚ ਦਿੰਦਾ ਹੈ। ਉਹਨਾ ਨੂੰ ਆਪਣੇ ਸਮਾਜ ਨਾਲ ਗਦਾਰੀ ਕਰਨ ਦਾ ਮੁੱਲ ਮੋੜਦੇ ਹੋਏ ਆਪਣੀ ਪਾਰਟੀ ਦੇ ਵਿੱਚ ਸਨਮਾਨ ਦਿੰਦਾ ਹੈ, ਔਹਦੇ ਦਿੰਦਾ ਹੈ ਸਰਕਾਰ ਬਣਨ ਉੱਤੇ ਵਜ਼ੀਰੀਆਂ ਦਿੰਦਾ ਹੈ।

ਫੇਰ ਇਹ ਦਲਾਲ ਲੋਕ ਇਹ ਸ਼ੇਸ਼ਤ ਸਮਾਜ ਸੰਗਠਨਾ ਨੂੰ ਕਮਜੋਰ ਕਰਨ ਲਈ, ਆਪਣੇ ਆਕਾ ਦੇ ਦਲ ਨੂੰ ਤਾਕਤਵਰ ਅਤੇ ਜੇਤੂ ਬਣਾਉਣ ਲਈ ਆਪਣੇ ਸਮਾਜ ਨੂੰ ਲਾਲਚਾਂ ਦਾ ਚਾਰਾ ਪਾ ਕੇ ਪਿੱਛੇ ਲਾਉਣ ਵਿੱਚ ਲੱਗੇ ਰਹਿੰਦੇ ਹਨ। ਸਾਮ, ਦਾਮ, ਦੰਡ, ਭੇਤ ਦੀ ਨੀਤੀ ਨਾਲ ਗਰੀਬ ਅਗਿਆਨੀ ਕਮਜੋਰ ਲੋਕ ਲਾਲਚ ਜਾ ਗਰੀਬੀ ਤੋਂ ਰਾਹਤ ਮਿਲਦੀ ਦੇਖ ਆਪਣੇ ਹੀ ਭਰਾਵਾਂ ਦੁਆਰਾ ਬਣਾਏ ਸ਼ੋਸ਼ਤ ਸਮਾਜ ਦੇ ਸੰਗਠਨਾ ਵੱਲ ਜਾਣੇ ਅਣਜਾਣੇ ਵਿੱਚ ਪਿਠ ਕਰ ਲੈਂਦੇ ਹਨ।

ਦਲਿਤ ਸਮਾਜ ਦੇ ਚਾਰ ਖਾਣ ਅਤੇ ਚਾਰਾ ਦਿਵਾਉਣ ਦਾ ਸਾਧਨ ਬਣੇ ਦਲਿਤ ਸ਼ੋਸ਼ਤ ਸਮਾ ਦੇ ਸਵਾਰਥਾਂ ਵਿੱਚ ਉਲਝੇ ਦਲਿਤ ਨੇਤਾ ਲੋਕ ਕਦੇ ਸਮਝ ਹੀ ਨਹੀਂ ਪਾਉਂਦੇ ਕਿ ਉਹ ਉਸ ਸਮਾਜ ਦੇ ਗੁਲਾਮੀ ਦੇ ਰਾਹ ਖੋਲ ਰਹੇ ਹਨ ਜਿਹੜਾ ਅਛੂਤ ਵੰਚਿਤ ਸਮਾਜ ਸਾਲ 1950 ਵਿੱਚ 2000 ਸਾਲਾਂ ਬਾਅਦ ਮੁੱਢਲੇ ਮਨੁੱਖੀ ਅਧਿਕਾਰ ਹੀ ਪਾ ਸਕਿਆ ਹੈ। ਜਿਹਨਾ ਦੀ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਇਨਸਾਫ ਲੈਣ ਲਈ ਬਰਾਬਰ ਦੇ ਸ਼ਕਤੀਸਾਲੀ ਬਣਨ ਲਈ ਰਾਹ ਖੋਲਣਾ ਹਾਲੇ ਬਾਕੀ ਹੈ।

ਬਾਬਾ ਸਾਹਿਬ ਨੇ ਕਿਹਾ ਸੀ ਦਲਿਤ ਸਮਾਜ ਦਾ ਇਕੋ ਇਕ ਮਜ਼ਬੂਤ ਸੰਗਠਨ ਹੋਣਾ ਚਾਹੀਦਾ ਹੈ। ਸ਼ੋਸ਼ਣ ਕਰਤਾ ਸਮਾਜ ਦੇ ਚੋਧਰ ਦੇ ਲਾਲਚੀ ਵਿਕਾਊ ਦਲਿਤ ਨਵੇਂ ਨੇਤਾ ਇੱਕ ਨਵਾਂ ਸੰਗਠਨ ਬਣਵਾਕੇ ਉਸ ਨਾਲ ਨੇੜਤਾ ਰਖਦਾ ਹੈ, ਉਸ ਦੀਆਂ ਮੰਗਾਂ ਨੂੰ ਮਨਦਾ ਹੈ, ਨੇਤਾ ਬਣਾ ਉਸ ਦੀ ਮੀਡੀਆ ਉਸ ਦਾ ਪ੍ਰਚਾਰ ਕਰਦਾ ਹੈ, ਪੁਰਾਣੇ ਨੇਤਾ ਦੇ ਬਰਾਬਰ ਖੜਾ ਕਰਕੇ ਦਲਿਤ ਸ਼ਕਤੀ ਸੰਗਠਨ ਨੂੰ ਵੰਡ ਕੇ ਕਮਜੋਰ ਕਰਦਾ ਹੈ।

1932 ਵਿੱਚ ਬਾਬਾ ਸਾਹਿਬ ਦੇ ਬਦੌਲਤ ਮਿਲੇ ਮੈਕਡੋਨਾਲਡ ਐਵਾਰਡ ਹਾਸਲ ਹੋਣ ਤੋਂ ਪਹਿਲਾਂ ਹੀ ਆਲ ਇੰਡੀਆ ਸਡਿਊਲਡ ਕਾਸਟ ਫੈਡਰੇਸਨ ਦੇ ਇਕਲੌਤੇ ਮੁਖੀ ਸਨ। ਹਿੰਦੂ ਅਤੇ ਕਾਂਗਰਸੀ ਨੇਤਾਵਾਂ ਨੇ ਉਸ ਦੇ ਦੋ ਟੁਕੜੇ ਕਰ ਦਿੱਤੇ ਸਨ। ਮੈਕਡੋਨਾਲਡ ਐਵਾਰਡ ਦਲਿਤ ਸਮਾਜ ਨੂੰ ਪੂਰਨ ਬਰਾਬਰੀ ਅਤੇ ਭਾਰਤ ਦੇ ਬ੍ਰਾਹਮਣਵਾਦੀ ਸਮਾਜਿਕ ਪ੍ਰਬੰਧ ਤੋਂ ਅਜਾਦੀ ਦੇਣ ਦੇ ਕਾਬਲ ਸੀ।

ਸ੍ਰੀਮਾਨ ਐਮ. ਸੀ. ਰਾਜਾ ਮਦਰਾਸ ਤੋਂ ਦਲਿਤ ਨੇਤਾ ਬਾਬਾ ਸਾਹਿਬ ਤੋਂ 8 ਸਾਲ ਵੱਡੇ ਸਨ। ਹਿੰਦੂ ਅਤੇ ਕਾਂਗਰਸੀ ਨੇਤਾਵਾਂ ਨੇ ਉਸ ਨੂੰ ਬਾਬਾ ਸਾਹਿਬ ਤੋਂ ਵੱਖ ਕਰਕੇ ਜਨਵਰੀ 1932 ਵਿੱਚ ਵਖਰੀ ਆਲ ਇੰਡਿਆ ਸਡਿਊਲਡ ਕਾਸਟ ਫੈਡਰੇਸਨ ਬਣਵਾ ਦਿੱਤੀ ਅਤੇ ਉਸ ਨੂੰ ਇਸ ਦਾ ਮੁਖੀ ਬਣਵਾ ਦਿੱਤਾ ਸੀ। ਮੈਕਡੋਨਾਲਡ ਐਵਾਰਡ ਦੀ ਸ਼ਕਤੀ ਖਤਮ ਕਰਨ ਲਈ ਹਿੰਦੂ ਸੰਗਠਨ ਦੇ ਨੇਤਾ ਡਾ. ਮੁੰਜੇ ਨੇ ਐਮ. ਸੀ. ਰਾਜਾ ਨਾਲ ਨਾਲ ਪੈਕਟ ਕੀਤਾ। ਆਲ ਇੰਡੀਆ ਸਡਿਊਲਡ ਕਾਸਟ ਫੈਡਰੇਸਨ ਦੇ ਟੁਕੜੇ ਕਰਕੇ ਕਮਜੋਰ ਕਰ ਦਿੱਤਾ। ਇਹ ਕਾਰਨ ਮੈਕਡੋਨਾਲਡ ਐਵਾਰਡ ਜੋ ਦਲਿਤ ਸਮਾਜ ਨੂੰ ਪੂਰਨ ਬਰਾਬਰੀ ਅਤੇ ਬ੍ਰਾਹਮਣਵਾਦੀ ਸਮਾਜਿਕ ਪ੍ਰਬੰਧ ਤੋਂ ਅਜਾਦੀ ਦੇਣ ਦਾ ਕਾਬਲ ਸੀ ਉਸ ਨੂੰ ਗਾਂਧੀ ਦੇ ਮਰਨ ਵਰਤ ਦਾ ਦਬਾਓ ਅਤੇ ਦਲਿਤਾਂ ਦਾ ਨਵਾਂ ਨੇਤਾ ਐਮ. ਸੀ. ਰਾਜਾ ਖੜਾ ਕਰਕੇ ਸ਼ਕਤੀ ਕਮਜੋਰ ਕਰ ਦੇਣਾ ਹੀ ਬਾਬਾ ਸਾਹਿਬ ਦੇ ਝੁਕਣ ਦਾ ਕਾਰਨ ਅਤੇ ਪੂਨਾ ਪੈਕਟ ਕਰਨ ਲਈ ਮਜਬੂਰ ਹੋਣ ਦਾ ਕਾਰਨ ਬਣਿਆ। ਅਗਰ ਇਹ ਰਾਜਾ ਵਿਕਾਊ ਨੇਤਾ ਨਾਂ ਹੁੰਦਾ ਤਾਂ ਅੱਜ ਦਲਿਤ ਸਮਾਜ ਦੇ ਐਮਪੀ, ਐਮਐਲਏ ਅਤੇ ਮੰਤਰੀ ਹੋਣ ਦੇ ਨਾਲ ਨਾਲ ਔਹਦੇ ਦੀਆਂ ਸ਼ਕਤੀਆਂ ਦੇ ਮਾਲਕ ਬਣਕੇ ਸਮਾਜ ਦੇ ਕੰਮ ਕਰਨ ਦੇ ਯੋਗ ਬਣੇ ਹੁੰਦੇ। ਮੌਜੂਦਾ ਸਮੇ ਦੇ ਵਿਕਾਊ ਨੇਤਾ ਵੀ ਦਲਿਤਾਂ ਦੇ ਭਵਿਖ ਨੂੰ ਗੁਲਾਮ ਬਣਾਉਣ ਦੇ ਜਿੰਮੇਵਾਰ ਕਹੇ ਜਾਣਗੇ।

ਅਗਰ ਦਲਿਤ ਸਮਾਜ ਆਪਣੀ ਔਲਾਦ ਲਈ ਚੰਗੇ ਭਵਿੱਖ ਦੀ ਉਮੀਦ ਕਰਦਾ ਹੈ ਤਾਂ ਉਸ ਨੂੰ ਇਹਨਾ



ਦਲਾਲ, ਗਦਾਰ. ਲਾਲਚੀ ਲੋਕਾਂ ਦੇ ਦਿਖਾਏ ਰਾਹ ਤੋਂ ਦੂਰ ਹੋਣਾ ਹੀ ਹੋਵੇਗਾ, ਵਿਰੋਧੀਆਂ ਦੀ ਸਾਮ, ਦਾਮ, ਦੰਡ, ਭੇਤ ਦੀ ਨੀਤੀ ਦਾ ਜਵਾਬ ਦੇਣ ਲਈ ਵਿਕਲਪ ਤਿਆਰ ਕਰਨਾ ਹੀ ਹੋਵੇਗਾ

ਬਾਬਾ ਸਾਹਿਬ ਨੇ ਕਿਹਾ ਸੀ ਮੈਂ ਇੱਕ ਸ਼ਾਤ ਸੁਭਾ ਵਾਲਾ ਹਮੇਸ਼ਾ ਪੜ੍ਹਦੇ ਰਹਿਣ ਦਾ ਜਾਨੂੰਨ ਰਖਣ ਵਾਲਾ ਵਿਅਕਤੀ ਹਾਂ। ਹਜਾਰਾਂ ਸਾਲਾਂ ਤੋਂ ਦਲਿਤ ਸਮਾਜ ਸੱਤਾਧਾਰੀਆਂ ਦੀਆਂ ਨਾਇਨਸਾਫੀਆਂ ਕਾਰਨ ਜਾਨਵਰਾਂ ਤੋਂ ਵੀ ਬਦਤਰ ਜੀਵਨ ਜਿਉਣ ਲਈ ਮਜਬੂਰ ਹੈ, ਇਸ ਲਈ ਰਾਜਨੀਤੀ ਵਿੱਚ ਆਉਣਾ ਮਜਬੂਰੀ ਹੈ ਕਿਉਂਕਿ ਸੱਤਾਧਾਰੀ ਬਣਨ ਵਾਲੇ ਲੋਕ ਪੱਖਪਾਤੀ, ਵਿਤਕਰੇਵਾਦੀ ਹਨ,

# ਇਤਿਹਾਸ ਦੀ ਸਭ ਤੋਂ ਵੱਡੀ ਆਨਲਾਈਨ ਡੇਟਾ ਚੋਰੀ! 16 ਅਰਬ ਲੋਕਾਂ ਦਾ ਡਾਟਾ ਲੀਕ!

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com



ਨਵੀਂ ਦਿੱਲੀ, 20 ਜੂਨ 2025- ਇਤਿਹਾਸ ਦੇ ਸਭ ਤੋਂ ਵੱਡੇ ਡੇਟਾ ਉਲੰਘਣਾਵਾਂ ਵਿੱਚੋਂ ਇੱਕ ਵਿੱਚ, ਸਾਈਬਰ ਸੁਰੱਖਿਆ ਖੋਜਕਰਤਾਵਾਂ ਨੇ ਪਾਸਵਰਡਾਂ ਸਮੇਤ 16 ਅਰਬ ਲੌਗਇਨ Credentials ਦੇ ਲੀਕ ਹੋਣ ਦੀ ਪੁਸ਼ਟੀ ਕੀਤੀ ਹੈ। ਫੋਰਬਸ ਦੀ ਰਿਪੋਰਟ ਅਨੁਸਾਰ, ਸਾਈਬਰ ਸੁਰੱਖਿਆ ਖੋਜਕਰਤਾਵਾਂ ਨੇ ਖੁਲਾਸਾ ਕੀਤਾ ਹੈ ਕਿ 16 ਅਰਬ ਲੌਗਇਨ Credentials ਚੋਰੀ ਹੋ ਗਏ ਹਨ, ਜਿਸ ਵਿੱਚ ਪਾਸਵਰਡ ਵੀ ਸ਼ਾਮਲ ਹਨ।

ਇਸਨੂੰ ਤਕਨਾਲੋਜੀ ਇਤਿਹਾਸ ਦੇ ਸਭ ਤੋਂ ਵੱਡੇ ਲੀਕ ਵਿੱਚੋਂ ਇੱਕ ਦੱਸਿਆ ਜਾ ਰਿਹਾ ਹੈ। ਹਾਲਾਂਕਿ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਹ ਡੇਟਾ ਲੀਕ ਐਪਲ, ਗੂਗਲ, ਫੇਸਬੁੱਕ, ਗਿਟਹਬ, ਟੈਲੀਗ੍ਰਾਮ ਆਦਿ ਵਰਗੇ ਪਲੇਟਫਾਰਮਾਂ ਦੀ ਕਿਸੇ ਵੀ ਔਨਲਾਈਨ ਸੇਵਾ ਵਿੱਚ ਉਲੰਘਣਾ ਦਾ ਕਾਰਨ ਬਣ ਸਕਦਾ ਹੈ।

ਇਹ ਜਾਣਕਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਕਈ ਰਿਪੋਰਟਾਂ ਨੇ 180 ਮਿਲੀਅਨ ਰਿਕਾਰਡਾਂ ਵਾਲੇ ਇੱਕ ਰਹੱਸਮਈ ਡੇਟਾਬੇਸ ਦੀ ਮੌਜੂਦਗੀ ਦਾ ਖੁਲਾਸਾ ਕੀਤਾ ਹੈ, ਜੋ ਇੱਕ ਵੈੱਬ ਸਰਵਰ 'ਤੇ ਅਸੁਰੱਖਿਅਤ ਤੌਰ 'ਤੇ ਮੌਜੂਦ ਹੈ। ਖੋਜਕਰਤਾਵਾਂ ਨੇ ਖੁਲਾਸਾ ਕੀਤਾ ਹੈ ਕਿ ਇਹ ਇੱਕ ਬਹੁਤ ਵੱਡੇ ਲੀਕ ਦਾ ਇੱਕ ਹਿੱਸਾ ਹੋ ਸਕਦਾ ਹੈ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਖੋਜਕਰਤਾਵਾਂ ਨੇ 30 ਡੇਟਾਸੈੱਟਾਂ ਦਾ ਪਤਾ ਲਗਾਇਆ ਹੈ, ਜਿਨ੍ਹਾਂ ਵਿੱਚੋਂ ਹਰੇਕ ਵਿੱਚ 3.5 ਅਰਬ ਰਿਕਾਰਡ ਹਨ। ਜਿਸ ਵਿੱਚ ਸੋਸ਼ਲ ਮੀਡੀਆ ਅਤੇ VPN ਲੌਗਇਨ ਦੇ ਨਾਲ-ਨਾਲ ਕਾਰਪੋਰੇਟ ਅਤੇ ਡਿਵੈਲਪਰ ਪਲੇਟਫਾਰਮ ਆਦਿ ਬਾਰੇ ਜਾਣਕਾਰੀ ਹੁੰਦੀ ਹੈ।

# ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਸਵੇਰੇ ਸਲਾਮਤੀ ਦਸਤਿਆਂ ਨਾਲ ਮੁਕਾਬਲੇ ਵਿੱਚ ਮਹਿਲਾ ਨਕਸਲੀ ਦੀ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਕਾਂਕੇਰ, 20 ਜੂਨ

ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਸਵੇਰੇ ਸਲਾਮਤੀ ਦਸਤਿਆਂ ਨਾਲ ਮੁਕਾਬਲੇ ਵਿੱਚ ਮਹਿਲਾ ਨਕਸਲੀ ਮਾਰੀ ਗਈ। ਕਾਂਕੇਰ ਦੀ ਪੁਲੀਸ ਸੁਪਰਡੈਂਟ ਇੰਦਿਰਾ ਕਲਿਆਣ ਏਲੇਸੇਲਾ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਜ਼ਿਲ੍ਹਾ ਰਿਜ਼ਰਵ ਗਾਰਡ (DRG) ਅਤੇ ਸੀਮਾ



ਸੁਰੱਖਿਆ ਬਲ (BSF) ਦੀ ਇੱਕ ਸਾਂਝੀ ਟੀਮ ਨਕਸਲ ਵਿਰੋਧੀ ਕਾਰਵਾਈ 'ਤੇ ਨਿਕਲ ਰਹੀ ਸੀ ਜਦੋਂ ਛੋਟੇਬੇਠੀਆ ਪੁਲੀਸ ਥਾਣੇ ਅਧੀਨ ਜੰਗਲੀ ਪਹਾੜੀ 'ਤੇ ਨਕਸਲੀਆਂ ਨਾਲ ਮੁਕਾਬਲਾ ਹੋ ਗਿਆ।

ਸੁਰੱਖਿਆ ਬਲਾਂ ਨੂੰ ਕੋਟਰੀ ਨਦੀ ਦੇ ਦੂਜੇ ਪਾਸੇ ਪਾਬੰਦੀਸ਼ੁਦਾ ਮਾਓਵਾਦੀ ਸੰਗਠਨ ਦੇ ਮੈਂਬਰਾਂ ਦੀ ਮੌਜੂਦਗੀ ਬਾਰੇ ਪੁਖਤਾ ਜਾਣਕਾਰੀ ਮਿਲੀ ਸੀ, ਜਿਸ ਮਗਰੋਂ ਅਮਾਟੋਲਾ ਅਤੇ ਕਲਪਰ ਪਿੰਡਾਂ ਵਿਚਕਾਰ ਮੁਕਾਬਲਾ ਹੋ ਗਿਆ। ਉਨ੍ਹਾਂ ਕਿਹਾ, ''ਮੁਕਾਬਲੇ ਵਾਲੀ ਥਾਂ ਤੋਂ ਹੁਣ ਤੱਕ ਹਥਿਆਰਾਂ ਸਣੇ ਮਹਿਲਾ ਨਕਸਲੀ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਜਦੋਂ ਕਿ ਇਲਾਕੇ ਵਿੱਚ ਰੁਕ-ਰੁਕ ਕੇ ਗੋਲੀਬਾਰੀ ਜਾਰੀ ਹੈ।'' ਅਧਿਕਾਰੀ ਨੇ ਕਿਹਾ ਕਿ ਹੋਰ ਵੇਰਵੇ ਜਲਦੀ ਸਾਂਝੇ ਕੀਤੇ ਜਾਣਗੇ। -ਪੀਟੀਆਈ

# ਡਿਪਟੀ ਸੀਐੱਮ ਅਤੇ ਕਾਂਗਰਸੀ ਵਿਧਾਇਕ ਨੂੰ ਜਾਨੋਂ ਮਾਰਨ ਦੀ ਧਮਕੀ, ਧਮਕੀ ਦੇਣ ਵਾਲੇ ਨੇਂ ਮੰਗੀ ਮੁਆਫੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਹਿਮਾਚਲ ਪ੍ਰਦੇਸ਼ ਪੁਲੀਸ ਨੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਅਤੇ ਕਾਂਗਰਸ ਵਿਧਾਇਕ ਰਾਕੇਸ਼ ਕਾਲੀਆ ਵਿਰੁੱਧ ਸੋਸ਼ਲ ਮੀਡੀਆ 'ਤੇ ਦਿੱਤੀ ਗਈ ਅਸਿੱਧੀ ਜਾਨੋਂ ਮਾਰਨ ਦੀ ਧਮਕੀ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁ ਸੋਸ਼ਲ ਮੀਡੀਆ 'ਤੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਅਤੇ ਵਿਧਾਇਕ ਰਾਕੇਸ਼ ਕਾਲੀਆ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ 'ਚ ਇੱਕ ਨਵਾਂ ਮੋੜ ਆਇਆ ਹੈ। ਹਰੋਲੀ ਯੂਥ ਕਾਂਗਰਸ ਦੇ ਪ੍ਰਧਾਨ ਸ਼ੁਭਮ ਜੋਸ਼ੀ ਦੀ ਸ਼ਿਕਾਇਤ ਤੋਂ ਕੁਝ ਘੰਟਿਆਂ ਬਾਅਦ ਹੀ ਦੋਸ਼ੀ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾ ਕੇ ਮੁਆਫ਼ੀ ਮੰਗ ਲਈ ਹੈ।

ਦੋਸ਼ੀ ਸ਼ਾਰਪ ਸ਼ੂਟਰ ਨਬਾਹੀ ਵਾਲੇ ਨੇ ਆਪਣੀ ਪੋਸਟ ਵਿੱਚ ਲਿਖਿਆ, "ਮੈਂ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਅਤੇ ਰਾਕੇਸ਼ ਕਾਲੀਆ ਤੋਂ ਮੁਆਫ਼ੀ ਮੰਗਦਾ ਹਾਂ। ਮੈਂ ਫੇਸਬੁੱਕ 'ਤੇ ਇੱਕ ਪੋਸਟ ਪਾਈ ਸੀ, ਜਿਸ ਵਿੱਚ ਕੁਝ ਟਿੱਪਣੀਆਂ ਗਲਤੀ ਨਾਲ ਪੋਸਟ ਕੀਤੀਆਂ ਗਈਆਂ ਸਨ। ਮੈਂ ਇਸ ਲਈ ਮੁਆਫ਼ੀ ਮੰਗਦਾ ਹਾਂ ਅਤੇ ਭਵਿੱਖ ਵਿੱਚ ਅਜਿਹੀ ਗਲਤੀ ਨਹੀਂ ਕਰਾਂਗਾ। ਮੈਨੂੰ ਇਸ ਗਲਤੀ ਲਈ ਮਾਫ਼ ਕੀਤਾ ਜਾਣਾ ਚਾਹੀਦਾ ਹੈ"

ਦਰਅਸਲ, ਡਿਪਟੀ ਸੀਐਮ ਮੁਕੇਸ਼ ਅਗਨੀਹੋਤਰੀ ਅਤੇ ਗਗਰੇਟ ਦੇ ਵਿਧਾਇਕ ਰਾਕੇਸ਼ ਕਾਲੀਆ ਨੂੰ ਸੋਸ਼ਲ ਮੀਡੀਆ ਫੇਸਬੁੱਕ 'ਤੇ ਤਲਵਾਰ ਨਾਲ ਧਮਕੀ ਦਿੱਤੀ ਗਈ ਸੀ। ਇਹ ਧਮਕੀ ਇੱਕ ਪੋਸਟ ਵਿੱਚ ਕੀਤੀ ਗਈ ਟਿੱਪਣੀ ਤੋਂ ਸਾਹਮਣੇ ਆਈ, ਜਿਸ ਸੰਬੰਧੀ ਹਰੋਲੀ ਯੂਥ ਕਾਂਗਰਸ ਦੇ ਪ੍ਰਧਾਨ ਸ਼ੁਭਮ ਜੋਸ਼ੀ ਨੇ ਵੀਰਵਾਰ ਨੂੰ ਹਰੋਲੀ ਪੁਲਿਸ ਸਟੇਸ਼ਨ ਵਿੱਚ ਇਸ ਸੋਸ਼ਲ ਮੀਡੀਆ



ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ

ਗੱਲਬਾਤ ਦੇ ਸਕ੍ਰੀਨਸ਼ਾਟ ਦੇ ਨਾਲ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਇੱਕ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਭਾਜਪਾ ਅਤੇ RSS ਨਹੀਂ ਚਾਹੁੰਦੇ ਕਿ ਗਰੀਬ ਬੱਚੇ ਅੰਗਰੇਜ਼ੀ ਸਿੱਖਣ: ਰਾਹੁਲ ਗਾਂਧੀ

## ਰਾਹੁਲ ਨੇ ਕਿਹਾ, ''ਅੰਗਰੇਜ਼ੀ ਕੋਈ ਰੁਕਾਵਟ ਨਹੀਂ, ਸਗੋਂ ਅੱਗੇ ਵਧਣ ਲਈ ਪੁਲ ਹੈ। ਅੰਗਰੇਜ਼ੀ ਸ਼ਰਮ ਨਹੀਂ, ਇਹ ਸ਼ਕਤੀ ਹੈ। ਅੰਗਰੇਜ਼ੀ ਜ਼ੰਜੀਰਾਂ ਨੂੰ ਤੋੜਨ ਦਾ ਇੱਕ ਸਾਧਨ ਹੈ।''

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਭਾਜਪਾ ਅਤੇ ਆਰਐੱਸਐੱਸ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਨੇਤਾ ਨਹੀਂ ਚਾਹੁੰਦੇ ਕਿ ਭਾਰਤ ਦੇ ਗਰੀਬ ਬੱਚੇ ਅੰਗਰੇਜ਼ੀ ਭਾਸ਼ਾ ਸਿੱਖਣ। ਗਾਂਧੀ ਦੀ ਇਹ ਟਿੱਪਣੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜੋ ਦੇਸ਼ ਵਿੱਚ ਅੰਗਰੇਜ਼ੀ ਭਾਸ਼ਾ ਬੋਲਦੇ ਹਨ, ਜਲਦੀ ਹੀ 'ਸ਼ਰਮ' ਮਹਿਸੂਸ ਕਰਨਗੇ।

ਰਾਹੁਲ ਨੇ ਕਿਹਾ,



''ਅੰਗਰੇਜ਼ੀ ਕੋਈ ਰੁਕਾਵਟ ਨਹੀਂ, ਸਗੋਂ ਅੱਗੇ ਵਧਣ ਲਈ ਪੁਲ ਹੈ। ਅੰਗਰੇਜ਼ੀ ਸ਼ਰਮ ਨਹੀਂ, ਇਹ ਸ਼ਕਤੀ ਹੈ। ਅੰਗਰੇਜ਼ੀ ਜ਼ੰਜੀਰਾਂ ਨੂੰ ਤੋੜਨ ਦਾ ਇੱਕ ਸਾਧਨ ਹੈ।'' ਇਹ ਗੱਲ ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ X ਉਤੇ ਹਿੰਦੀ ਵਿਚ ਪਾਈ ਇਕ ਪੋਸਟ ਵਿਚ ਕਹੀ ਹੈ।

ਆਪਣੀ ਟਵੀਟ ਵਿਚ ਉਨ੍ਹਾਂ ਕਿਹਾ, ''ਭਾਜਪਾ-ਆਰਐਸਐਸ ਨਹੀਂ ਚਾਹੁੰਦੇ ਕਿ ਭਾਰਤ ਦੇ ਗਰੀਬ ਬੱਚੇ ਅੰਗਰੇਜ਼ੀ ਸਿੱਖਣ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਤੁਸੀਂ ਸਵਾਲ ਪੁੱਛੋ, ਅੱਗੇ ਵਧੋ ਅਤੇ ਬਰਾਬਰ ਬਣੋ।''

ਉਨ੍ਹਾਂ ਕਿਹਾ ਕਿ ਅੱਜ ਦੀ ਦੁਨੀਆ ਵਿੱਚ ਅੰਗਰੇਜ਼ੀ, ਮਾਂ-ਬੋਲੀ ਵਾਂਗ ਹੀ ਅਹਿਮ ਹੈ ਕਿਉਂਕਿ ਇਸ ਨਾਲ ਰੁਜ਼ਗਾਰ ਹਾਸਲ ਕਰਨ ਵਿੱਚ ਆਸਾਨੀ ਆਉਂਦੀ ਹੈ ਅਤੇ ਆਤਮ-ਵਿਸ਼ਵਾਸ ਵੀ ਵਧਦਾ ਹੈ।

ਗਾਂਧੀ ਨੇ ਕਿਹਾ, ''ਭਾਰਤ ਦੀ ਹਰ ਭਾਸ਼ਾ ਦਾ ਆਪਣਾ ਗਿਆਨ, ਸੱਭਿਆਚਾਰ ਅਤੇ ਆਪਣੀ ਆਤਮਾ ਹੈ। ਇਨ੍ਹਾਂ ਦਾ ਸਨਮਾਨ ਕਰਨ ਦੇ ਨਾਲ-ਨਾਲ ਸਾਨੂੰ ਅੰਗਰੇਜ਼ੀ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਹਰ ਬੱਚੇ ਨੂੰ ਅੰਗਰੇਜ਼ੀ ਸਿਖਾਉਣੀ ਚਾਹੀਦੀ ਹੈ। ਇਹ ਉਸ ਭਾਰਤ ਲਈ ਰਸਤਾ ਹੈ ਜੋ ਦਨੀਆ ਨਾਲ ਮੁਕਾਬਲਾ ਕਰੇਗਾ ਅਤੇ ਹਰ ਬੱਚੇ ਨੂੰ ਬਰਾਬਰ ਦੇ ਮੌਕੇ ਮਿਲਣਗੇ।''

# ਸੰਵਿਧਾਨ ਨੇ 'ਅਛੂਤਾਂ' ਦਾ ਉਭਾਰ ਸੰਭਵ ਬਣਾਇਆ: ਸੀਜੇਆਈ ਗਵਈ

## ਗਵਈ ਦੇਸ਼ ਦੇ ਦੂਜੇ ਦਲਿਤ ਅਤੇ ਭਾਰਤ ਦੇ ਚੀਫ਼ ਜਸਟਿਸ ਬਣਨ ਵਾਲੇ ਪਹਿਲੇ ਬੋਧੀ ਹਨ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com



ਨਵੀਂ ਦਿੱਲੀ: ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਨੇ ਯੂਕੇ ਵਿੱਚ ਆਕਸਫੋਰਡ ਯੂਨੀਅਨ ਵਿਖੇ ਇੱਕ ਸ਼ਕਤੀਸ਼ਾਲੀ ਭਾਸ਼ਣ ਦਿੱਤਾ, ਜਿਸ ਵਿੱਚ ਭਾਰਤੀ ਸੰਵਿਧਾਨ ਦੀ ਸ਼ਲਾਘਾ ਕੀਤੀ ਗਈ, ਜਿਸ ਨਾਲ "ਅਛੂਤਾਂ" ਲਈ ਭਾਰਤ ਵਿੱਚ ਇੱਕ ਉੱਚ ਸਰਕਾਰੀ ਅਹੁਦਿਆਂ 'ਤੇ ਕਾਬਜ਼ ਹੋਣਾ ਸੰਭਵ ਹੋਇਆ।

ਗਵਈ ਦੇਸ਼ ਦੇ ਦੂਜੇ ਦਲਿਤ ਅਤੇ ਭਾਰਤ ਦੇ ਚੀਫ਼ ਜਸਟਿਸ ਬਣਨ ਵਾਲੇ ਪਹਿਲੇ ਬੋਧੀ ਹਨ। "ਅਸੀਂ ਅੱਜ ਇੱਥੇ ਹਾਂ, ਜਿੱਥੇ ਉਨ੍ਹਾਂ ਲੋਕਾਂ ਨਾਲ ਸਬੰਧਤ ਇੱਕ ਵਿਅਕਤੀ ਦੇਸ਼ ਦੀ ਨਿਆਂਪਾਲਿਕਾ ਵਿੱਚ ਸਭ ਤੋਂ ਉੱਚੇ ਅਹੁਦੇ ਦੇ ਧਾਰਕ ਵਜੋਂ ਖੁੱਲ੍ਹ ਕੇ ਬੋਲ ਰਿਹਾ ਹੈ," ਉਹ 'ਪ੍ਰਤੀਨਿਧਤਾ ਤੋਂ ਪ੍ਰਾਪਤੀ ਤੱਕ: ਸੰਵਿਧਾਨ ਦੇ ਵਾਅਦੇ ਨੂੰ ਸਾਕਾਰ ਕਰਨਾ' ਵਿਸ਼ੇ 'ਤੇ ਬੋਲ ਰਹੇ ਸਨ।

ਉਨ੍ਹਾਂ ਸੰਵਿਧਾਨ ਨੂੰ "ਸਿਆਹੀ ਵਿੱਚ ਉੱਕਰੀ ਹੋਈ ਸ਼ਾਂਤ ਕ੍ਰਾਂਤੀ" ਅਤੇ ਇੱਕ ਪਰਿਵਰਤਨਸ਼ੀਲ ਸ਼ਕਤੀ ਵਜੋਂ ਦਰਸਾਇਆ ਜੋ ਨਾ ਸਿਰਫ਼ ਅਧਿਕਾਰਾਂ ਦੀ ਗਰੰਟੀ ਦਿੰਦੀ ਹੈ ਬਲਕਿ ਇਤਿਹਾਸਕ ਤੌਰ 'ਤੇ ਦੱਬੇ-ਕੁਚਲੇ ਲੋਕਾਂ ਨੂੰ ਸਰਗਰਮੀ ਨਾਲ ਉੱਚਾ ਚੁੱਕਦੀ ਹੈ।"

ਉਨ੍ਹਾਂ ਕਿਹਾ ਕਿ ਡਾ. ਬੀ. ਆਰ. ਅੰਬੇਡਕਰ, ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਪਿਤਾਮਾ ਕਿਹਾ ਜਾਂਦਾ ਹੈ, ਹਮੇਸ਼ਾ ਸਮਾਜਿਕ ਉੱਨਤੀ ਲਈ ਜੜ੍ਹਾਂ ਰੱਖਦੇ ਸਨ। ਸੀਜੇਆਈ ਗਵਈ ਨੇ ਕਿਹਾ, "ਅੰਬੇਡਕਰ ਨੇ ਰਾਜਨੀਤਿਕ ਪ੍ਰਤੀਨਿਧਤਾ ਨੂੰ ਜਾਤੀਗਤ ਦਰਜਾਬੰਦੀ ਨੂੰ ਖਤਮ ਕਰਨ ਅਤੇ ਸਮਾਜਿਕ ਮਾਣ-ਸਨਮਾਨ ਨੂੰ ਮੁੜ ਵੰਡਣ ਲਈ ਮਹੱਤਵਪੂਰਨ ਸਮਝਿਆ, ਨਾ ਕਿ ਸਿਰਫ਼ ਸੰਸਥਾਗਤ ਸ਼ਕਤੀ,"

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਨਿਆਂਇਕ ਸਰਗਰਮੀ ਬਣੀ ਰਹਿਣੀ ਹੈ, ਪਰ ਇਸਨੂੰ ਨਿਆਂਇਕ ਅੱਤਵਾਦ ਵਿੱਚ ਨਹੀਂ ਬਦਲਣਾ ਚਾਹੀਦਾ। "ਨਿਆਂਇਕ ਸਰਗਰਮੀ ਬਣੀ ਰਹਿਣੀ ਹੈ। ਇਸ ਦੇ ਨਾਲ ਹੀ, ਨਿਆਂਇਕ ਸਰਗਰਮੀ ਨੂੰ ਨਿਆਂਇਕ ਅੱਤਵਾਦ ਵਿੱਚ ਨਹੀਂ ਬਦਲਣਾ ਚਾਹੀਦਾ। ਇਸ ਲਈ, ਕਈ ਵਾਰ, ਤੁਸੀਂ ਸੀਮਾਵਾਂ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋ ਅਤੇ ਉਸ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋ ਜਿੱਥੇ ਆਮ ਤੌਰ 'ਤੇ ਨਿਆਂਪਾਲਿਕਾ ਨੂੰ ਦਾਖਲ ਨਹੀਂ ਹੋਣਾ ਚਾਹੀਦਾ," ਸੀਜੇਆਈ ਗਵਈ ਨੇ ਇੱਕ ਕਾਨੂੰਨੀ ਨਿਊਜ਼ ਪੋਰਟਲ ਦੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ।

ਸੀਜੇਆਈ ਗਵਈ ਕਈ ਬੈਂਚਾਂ ਦਾ ਹਿੱਸਾ ਰਹੇ ਹਨ ਜਿਨ੍ਹਾਂ ਨੇ ਇਤਿਹਾਸਕ ਫੈਸਲੇ ਦਿੱਤੇ, ਜਿਸ ਵਿੱਚ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਧਾਰਾ 370 ਦੇ ਉਪਬੰਧਾਂ ਨੂੰ ਰੱਦ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਬਰਕਰਾਰ ਰੱਖਣਾ ਵੀ ਸ਼ਾਮਲ ਹੈ। ਉਨ੍ਹਾਂ ਨੇ 14 ਮਈ ਨੂੰ ਭਾਰਤ ਦੇ 52ਵੇਂ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ।

# ਸੀ.ਐਮ. ਦੀ ਯੋਗਸ਼ਾਲਾ ਤਹਿਤ ਸੈਂਟਰਲ ਪਾਰਕ ਵਿਖੇ ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਉਣ ਸਬੰਧੀ ਸਮਾਗਮ ਅੱਜ ,,,-ਡਿਪਟੀ ਕਮਿਸ਼ਨਰ

## -ਲੋਕਾਂ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦੀ ਕੀਤੀ ਅਪੀਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਮਾਨਸਾ, 20 ਜੂਨ : (ਆਤਮਾ ਸਿੰਘ ਪਮਾਰ) ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਕੁਲਵੰਤ ਸਿੰਘ ਨੇ ਦੱਸਿਆ ਕਿ ਸੀ.ਐਮ. ਦੀ ਯੋਗਸ਼ਾਲਾ ਤਹਿਤ 21 ਜੂਨ ਨੂੰ ਸਥਾਨਕ ਸੈਂਟਰਲ ਪਾਰਕ ਵਿਖੇ ਸਵੇਰੇ 6:00 ਵਜੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਯੁਰਵੇਦ ਵਿਭਾਗ ਵੱਲੋਂ ਪੂਰੇ ਉਤਸ਼ਾਹ ਨਾਲ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਯੋਗ ਦਿਵਸ ਮੌਕੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਅਤੇ ਇੱਕ ਸਿਹਤਮੰਦ ਅਤੇ ਜਾਗਰੂਕ ਪੰਜਾਬ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ।

ਉਨ੍ਹਾਂ ਕਿਹਾ ਕਿ ਇਸ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਮਾਹਿਰ ਯੋਗਾ ਟ੍ਰੇਨਰਾਂ ਵੱਲੋਂ ਜਿੱਥੇ ਲੋਕਾਂ ਨੂੰ ਯੋਗਾ ਦੇ ਵੱਖ-ਵੱਖ ਆਸਨ ਕਰਵਾਏ ਜਾਣਗੇ, ਉਥੇ ਹੀ ਉਨ੍ਹਾਂ ਤੋਂ ਮਿਲਣ ਵਾਲੇ ਲਾਭਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜ਼ਿਲ੍ਹੇ ਅੰਦਰ ਸਮੂਹਿਕ ਯੋਗ ਅਭਿਆਸ ਪ੍ਰੋਗਰਾਮ, ਯੋਗ ਪ੍ਰਦਰਸ਼ਨ, ਸਿਹਤ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ।

ਜ਼ਿਲ੍ਹਾ ਕੋਆਰਡੀਨੇਟਰ ਰਮਨਦੀਪ ਕੌਰ ਨੇ ਦੱਸਿਆ ਕਿ ਸੀ.ਐਮ.ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਅੰਦਰ ਯੋਗਾ ਦੇ ਵੱਖ-ਵੱਖ ਮਾਹਿਰਾਂ ਵੱਲੋਂ ਲੋਕਾਂ ਨੂੰ ਯੋਗਾ ਕਰਵਾਇਆ ਜਾ ਰਿਹਾ ਹੈ ਅਤੇ ਇਸ ਤੋਂ ਹੋਣ ਵਾਲੇ ਫਾਇਦਿਆਂ ਨੂੰ ਦੇਖਦਿਆਂ ਲੋਕਾਂ ਨੇ ਵੱਡੀ



ਗਿਣਤੀ ਵਿੱਚ ਆਪਣੀ ਰਜਿਸਟ੍ਰੇਸ਼ਨ ਵੀ ਕਰਵਾਈ ਹੈ ਅਤੇ ਰੋਜ਼ਾਨਾ ਹਜ਼ਾਰਾਂ ਲੋਕ ਸੀ.ਐਮ. ਦੀ ਯੋਗਸ਼ਾਲਾ ਤਹਿਤ ਲੱਗ ਰਹੀਆਂ ਇਨ੍ਹਾਂ ਮੁਫ਼ਤ ਕਲਾਸਾਂ ਦਾ ਲਾਹਾ ਲੈ ਰਹੇ ਹਨ।

# ਬਸਪਾ ਦੇ ਬੂਥ ਲੈਵਲ ਦੇ ਪ੍ਰਧਾਨ ਦੀ ਵੀ ਰਾਖੀ ਕਰਾਂਗੇ- ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com



ਗੜ੍ਹਸ਼ੰਕਰ (ਚਰਨਜੀਤ ਸੱਲ੍ਹਾਂ ) ਗੜ੍ਹਸ਼ੰਕਰ ਵਿੱਚ ਬਸਪਾ ਪੰਜਾਬ ਵੱਲੋਂ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਬਸਪਾ ਦੇ ਬੂਥ ਲੈਵਲ ਦੇ ਪ੍ਰਧਾਨ ਦੀ ਵੀ ਰਾਖੀ ਕਰਾਂਗੇ ਅਤੇ ਹਰੇਕ ਵਰਕਰ ਦੀ ਰਾਖੀ ਕਰਨਾ ਸਾਡਾ ਫਰਜ਼ ਹੈ ਇਹ ਵਿਚਾਰ ਸ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਬਸਪਾ ਪੰਜਾਬ ਦੇ ਪ੍ਰਧਾਨ ਨੇ ਆਪਣੀ ਸੰਪੀਚ ਵਿੱਚ ਕਹੇ ਉਨ੍ਹਾਂ ਅੱਗੇ ਕਿਹਾ ਕਿ ਖ਼ਾਨਪੁਰ ਦੇ ਸਰਪੰਚੀ ਦੀ ਚੋਣ ਲੜ ਚੁੱਕੇ ਉਮੀਦਵਾਰ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਤੁਸੀਂ ਆਪਣੇ ਉਪਰ ਪਰਚੇ ਤੋਂ ਡਰ ਰਹੇ ਹੋ ਹੁਣ ਇਹ ਕੰਮ ਸਾਡੇ ਤੇ ਛੱਡ ਦਿਓ ਅਸੀਂ ਤਾਂ ਪਹਿਲਾਂ ਤੋਂ ਹੀ ਕਹਿੰਦੇ ਹਾਂ ਕਿ ਨੌਜਵਾਨੋ ਬਸਪਾ ਵਿੱਚ ਆਓ ਤੇ ਤੁਹਾਡੀ ਲੜਾਈ ਬਸਪਾ ਲੜੇਗੀ ਕਿਉਂਕਿ ਬਸਪਾ ਜਾਤ ਪਾਤ ਵਿਰੁੱਧ ਅੰਦੋਲਨ ਹੈ। ਖ਼ਾਨਪੁਰ ਗੜ੍ਹਸ਼ੰਕਰ ਵਿੱਚ ਹੈ ਇਹ ਆਦਮੀ ਉਸ ਪਾਰਟੀ ਦੇ ਵਿਰੋਧ ਵਿੱਚ ਖੜ੍ਹ ਗਿਆ ਬਸ ਫਿਰ ਕੀ ਸੀ ਉਨ੍ਹਾਂ ਨੇ ਪੁਲਿਸ ਸੱਦਕੇ ਇਹਨਾਂ ਦਾ ਟੀ ਵੀ, ਫਰਿੱਜ, ਮੋਟਰਸਾਈਕਲ ਅਤੇ ਘਰ ਦਾ ਹੋਰ ਸਮਾਨ ਸਭ ਭੰਨ ਤੋੜ ਕੀਤੀ ਅੱਜ ਤੋਂ ਤੁਹਾਡਾ 161,163 ਕੇਸ ਨੰਬਰ ਖਤਮ ਕੀਤਾ ਜਾਵੇਗਾ। ਅੱਜ ਤੋਂ ਬਾਅਦ ਬਸਪਾ ਹਰੇਕ ਵਰਕਰ ਦੇ ਲਈ ਕੰਮ ਕਰੇਗੀ ਅਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਖਿਲਾਫ ਬਸਪਾ ਪਿੰਡ ਪਿੰਡ ਜਾਕੇ ਲੋਕਾਂ ਨੂੰ ਲਾਮਬੰਦ ਕਰੇਗੀ ਅਤੇ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰੇਗੀ

# ਡੇਰਾ ਸੰਤ ਬ੍ਰਹਮ ਦਾਸ ਜੀ ਫਲੌਰ ਮੌਜੂਦਾ ਗੱਦੀ ਨਸ਼ੀਨ ਸੰਤ ਜਸਪਾਲ ਜੀ,ਸਲਾਨਾ ਪ੍ਰੋਗਰਾਮ ਤੇ ਸੰਗਤ ਅਤੇ ਸੰਤਾਂ ਦਾ ਆਸ਼ੀਰਵਾਦ ਲਿਆ- ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com



ਡੇਰਾ ਸੰਤ ਬ੍ਰਹਮ ਦਾਸ ਜੀ ਫਲੌਰ ਮੌਜੂਦਾ ਗੱਦੀ ਨਸ਼ੀਨ ਸੰਤ ਜਸਪਾਲ ਜੀ,ਸਲਾਨਾ ਪ੍ਰੋਗਰਾਮ ਤੇ ਸੰਗਤ ਅਤੇ ਸੰਤਾਂ ਦਾ ਆਸ਼ੀਰਵਾਦ ਲਿਆ ਇਸ ਡੇਰੇ ਦੇ ਮੁਖੀ ਸੰਤ ਬ੍ਰਹਮ ਦਾਸ ਜੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਅੰਦੋਲਨ ਦੇ ਸਮੇਂ ਜਦੋਂ ਸੰਤ ਬ੍ਰਹਮ ਦਾਸ ਜੀ ਦੇ ਸਾਹਮਣੇ ਸਵਾਲ ਸੀ ਕਿ ਗਾਂਧੀ ਨਾਲ ਖੜ੍ਹਿਆ ਜਾਏ ਜਾਂ ਅੰਬੇਦਕਰ ਸਾਹਿਬ ਨੂੰ ਖੜ੍ਹਿਆ ਜਾਏ ਉਸ ਵਕਤ ਸੰਤ ਬ੍ਰਹਮ ਦਾਸ ਜੀ ਨੇ ਡਾਕਟਰ ਅੰਬੇਡਕਰ ਸਾਹਿਬ ਨੂੰ ਚੁਣਿਆ ਇਸ ਕਰਕੇ ਅਸੀਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਸੰਗਤਾਂ ਸੰਤਾਂ ਦੇ ਉਦੇਸ਼ ਦੀ ਪੂਰਤੀ ਲਈ ਡਾਕਟਰ ਅੰਬੇਡਕਰ ਜੀ ਦੇ ਅੰਦੋਲਨ ਨੂੰ ਮਜਬੂਤ ਕਰਨ ਤਾਂਕਿ ਉਸ ਮੰਜ਼ਿਲ ਨੂੰ ਹਾਸਲ ਕੀਤਾ ਜਾ ਸਕੇ ਜਿਸ ਲਈ ਡਾਕਟਰ ਅੰਬੇਡਕਰ ਸਾਹਿਬ ਦਾ ਸਾਥ ਸੰਤ ਬ੍ਰਹਮਦਾਸ ਜੀ ਨੇ ਦਿੱਤਾ ਸੀ

# ਜਲੰਧਰ ਪੁਲੀਸ ਨੇ 24 ਘੰਟਿਆਂ ’ਚ ਕਤਲ ਕੇਸ ਦੀ ਗੁੱਥੀ ਸੁਲਝਾਈ, ਚਾਰ ਮੁਲਜ਼ਮ ਗ੍ਰਿਫ਼ਤਾਰ

## ਮੁਲਜ਼ਮਾਂ ਕੋਲੋਂ ਅਪਰਾਧ ’ਚ ਵਰਤੀ ਸਕਾਰਪੀਓ ਗੱਡੀ ਤੇ ਤੇਜ਼ਧਾਰ ਹਥਿਆਰ ਬਰਾਮਦ; ਪੁਲੀਸ ਨੇ ਮੁਲਜ਼ਮਾਂ ਨੂੰ ਤਿੰਨ ਦਿਨਾ ਰਿਮਾਂਡ ’ਤੇ ਲਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com




ਕਮਿਸ਼ਨਰੇਟ ਪੁਲੀਸ ਜਲੰਧਰ ਨੇ 24 ਘੰਟਿਆਂ ਅੰਦਰ ਕਤਲ ਕੇਸ ਸੁਲਝਾਉਂਦਿਆਂ ਚਾਰ ਵਿਅਕਤੀਆਂ ਨੂੰ ਅਪਰਾਧ ਲਈ ਵਰਤੇ ਵਾਹਨ ਅਤੇ ਤੇਜ਼ਧਾਰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਮੁਕੇਸ਼ ਕੁਮਾਰ ਦੇ ਬਿਆਨਾਂ 'ਤੇ 17 ਜੂਨ ਨੂੰ ਥਾਣਾ ਰਾਮਾ ਮੰਡੀ ਵਿਚ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕਤਲ ਦੀ ਇਹ ਵਾਰਦਾਤ 16 ਜੂਨ ਦੀ ਰਾਤ ਨੂੰ ਜਲੰਧਰ ਦੇ ਸੁੱਚੀ ਪਿੰਡ ਮੋੜ, ਮੇਨ ਰੋਡ 'ਤੇ ਵਾਪਰੀ। ਅਣਪਛਾਤੇ ਹਮਲਾਵਰਾਂ ਨੇ ਮੁਕੇਸ਼ ਕੁਮਾਰ, ਪਵਨ ਕੁਮਾਰ, ਮਨਦੀਪ ਕੁਮਾਰ ਅਤੇ ਉਨ੍ਹਾਂ ਦੇ ਪਿਤਾ ਜੈ ਰਾਮ 'ਤੇ ਉਨ੍ਹਾਂ ਦੀ ਕਰਿਆਨੇ ਦੀ ਦੁਕਾਨ ਉੱਤੇ ਹਮਲਾ ਕੀਤਾ। ਹਮਲੇ ਵਿਚ ਗੰਭੀਰ ਜ਼ਖ਼ਮੀ ਮਨਦੀਪ ਕੁਮਾਰ ਦੀ ਮੌਕੇ 'ਤੇ ਮੌਤ ਹੋ ਗਈ ਸੀ।

ਪੁਲੀਸ ਨੇ ਜਾਂਚ ਲਈ ਕਈ ਟੀਮਾਂ ਬਣਾਈਆਂ ਅਤੇ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਛੇ ਮਸ਼ਕੂਕਾਂ ਦੀ ਪਛਾਣ ਕਰਕੇ ਇਨ੍ਹਾਂ ਵਿੱਚੋਂ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ। ਕਾਬੂ ਕੀਤੇ ਮੁਲਜ਼ਮਾਂ ਦੀ ਪਛਾਣ ਯਾਦਵਿੰਦਰ ਸਿੰਘ ਉਰਫ਼ ਪ੍ਰਿੰਸ ਵਾਸੀ ਸੁੱਚੀ ਪਿੰਡ, ਆਕਾਸ਼ਦੀਪ ਸਿੰਘ ਉਰਫ਼ ਗੋਲੂ ਵਾਸੀ ਪਿੰਡ ਕੋਟਲਾ ਨੇੜੇ ਸ਼ੇਖੇ ਪਿੰਡ, ਸਾਹਿਲ ਕੁਮਾਰ ਉਰਫ਼ ਜਿਹਰ ਵਾਸੀ ਮਾਨਕਰਾਂ ਵਜੋਂ ਹੋਈ ਹੈ। ਇਸ ਤੋਂ ਇਲਾਵਾ ਇੱਕ ਨਾਬਾਲਗ ਨੂੰ ਵੀ ਕਾਬੂ ਕੀਤਾ ਹੈ। ਇਨ੍ਹਾਂ ਕੋਲੋਂ ਸਕਾਰਪੀਓ ਗੱਡੀ (ਨੰ. PB-08-AH-4686) ਤੇ ਤਿੰਨ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਗਏ ਹਨ। ਪੁਲੀਸ ਨੇ ਮੁਲਜ਼ਮਾਂ ਨੂੰ ਕੋਰਟ ਵਿੱਚ ਪੇਸ਼ ਕਰਕੇ ਤਿੰਨ ਦਿਨਾ ਰਿਮਾਂਡ ਹਾਸਲ ਕਰ ਲਿਆ ਹੈ। ਦੋ ਹੋਰਨਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

# ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਬਜ਼ੁਰਗਾਂ ਦੀ ਪੈਨਸ਼ਨ ਲਈ ਚਾਲੂ ਸਾਲ ਦੌਰਾਨ 6175 ਕਰੋੜ ਰੁਪਏ ਦਾ ਉਪਬੰਧ:-ਡਾ ਬਲਜੀਤ ਕੌਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਨਿਰੰਤਰ ਠੋਸ ਕਦਮ ਚੁੱਕੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ ਦੌਰਾਨ ਸਮਾਜਿਕ ਸੁਰੱਖਿਆ ਸਕੀਮਾਂ ਲਈ 6175 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿੱਚੋਂ 1539 ਕਰੋੜ ਰੁਪਏ ਦੀ ਰਕਮ 34.40 ਲੱਖ ਲਾਭਪਾਤਰੀਆਂ ਨੂੰ ਮਈ 2025 ਤੱਕ ਨਿਯਮਤ ਪੈਨਸ਼ਨ ਵਜੋਂ ਜਾਰੀ ਕੀਤੀ ਜਾ ਚੁੱਕੀ ਹੈ।

"ਸਾਡੇ ਬਜ਼ੁਰਗ ਸਾਡਾ ਮਾਣ" ਸਰਵੇ ਜਲਦ ਪੂਰਾ ਕਰਨ ਦੇ ਹੁਕਮ

ਕਿਸਾਨ ਭਵਨ ਵਿਖੇ ਵਿਭਾਗ ਦੇ ਸੀਨੀਅਰ ਅਤੇ ਖੇਤਰੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਾ. ਬਲਜੀਤ ਕੌਰ ਨੇ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ, ਇਹਨਾਂ ਸਕੀਮਾਂ ਦੀ ਨਿਗਰਾਨੀ ਅਤੇ ਯੋਗ ਲਾਭਪਾਤਰੀਆਂ ਤੱਕ ਲਾਭ ਦੀ ਪਹੁੰਚ ਬਿਨਾਂ ਦੇਰੀ ਯਕੀਨੀ ਬਣਾਉਣ ਸੰਬੰਧੀ ਹੁਕਮ ਜਾਰੀ ਕੀਤੇ।

ਡਾ ਬਲਜੀਤ ਕੌਰ ਨੇ 'ਸਾਡੇ ਬਜ਼ੁਰਗ, ਸਾਡਾ ਮਾਣ' ਸਰਵੇ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਹਰ ਹੱਕਦਾਰ ਬਜ਼ੁਰਗ ਤੱਕ ਪੈਨਸ਼ਨ ਪਹੁੰਚੇ। ਉਨ੍ਹਾਂ ਆਗਾਹ ਕੀਤਾ ਕਿ ਸਰਵੇ ਦੌਰਾਨ ਮ੍ਰਿਤਕ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਪਈ ਰਕਮ ਦੀ ਰਿਕਵਰੀ ਕਰਕੇ ਹੋਰ ਲੋੜਵੰਦਾਂ ਨੂੰ ਲਾਭ ਦਿੱਤਾ ਜਾਵੇ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਜੂਨ
INTERNATIONAL PAPER, 9463601616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

C

## IV. ਦਲਿਤ ਵਰਗ ਅਤੇ ਸਾਈਮਨ ਕਮਿਸ਼ਨ:

16. ਮੈਂ ਤੁਹਾਡਾ ਧਿਆਨ ਬਹੁਤ ਸਾਰੇ ਸੁਰੱਖਿਆ ਉਪਾਵਾਂ ਵੱਲ ਖਿੱਚਿਆ ਹੈ ਜਿਨ੍ਹਾਂ ਨੂੰ ਮੈਂ ਸਵੈ-ਸ਼ਾਸਨ ਵਾਲੇ ਭਾਰਤ ਵਿੱਚ ਤੁਹਾਡੇ ਲਈ ਜ਼ਰੂਰੀ ਸਮਝਦਾ ਹਾਂ। ਸਾਈਮਨ ਕਮਿਸ਼ਨ ਨੇ ਸਾਡੇ ਸੰਬੰਧ ਵਿੱਚ ਪ੍ਰਵਾਨਗੀਆਂ ਦਿੱਤੀਆਂ ਹਨ, ਹੁਣ ਮੈਂ ਉਨ੍ਹਾਂ ‘ਤੇ ਚਰਚਾ ਕਰਾਂਗਾ। ਬਿਨਾਂ ਸ਼ੱਕ, ਸਾਈਮਨ ਕਮਿਸ਼ਨ ਨੇ ਦਲਿਤ



ਵਰਗ ਦੀ ਸੰਵਿਧਾਨਕ ਸੁਰੱਖਿਆ ‘ਤੇ ਹਮਦਰਦੀ ਨਾਲ ਵਿਚਾਰ ਕੀਤਾ ਹੈ। ਕਮਿਸ਼ਨ ਨੇ ਦਲਿਤ ਵਰਗ ਦੀ ਸਥਿਤੀ ਨੂੰ ਸਹੀ ਢੰਗ ਨਾਲ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇੱਥੇ ਵਰਣਨ ਕਿਸੇ ਵੀ ਤਰ੍ਹਾਂ ਪੂਰਾ ਵਰਣਨ ਨਹੀਂ ਹੈ। ਉਨ੍ਹਾਂ ਨੇ ਸਕੂਲਾਂ ਅਤੇ ਖੂਹਾਂ ਦੀ ਸਮੱਸਿਆ ਬਾਰੇ ਲਿਖਿਆ ਹੈ। ਇਹ ਇਨ੍ਹਾਂ ਬਦਕਿਸਮਤ ਜਾਤੀਆਂ ਦੀਆਂ ਸ਼ਿਕਾਇਤਾਂ ਦੀ ਲੰਬੀ ਸੂਚੀ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਫਿਰ ਵੀ, ਇਹ ਕਿਹਾ ਜਾ ਸਕਦਾ ਹੈ ਕਿ ਸਾਈਮਨ ਨੇ ਸੰਵਿਧਾਨਕ ਸੁਰੱਖਿਆ ਪ੍ਰਬੰਧਾਂ ਅਤੇ ਦਲਿਤ ਵਰਗ ਦੀ ਸੁਰੱਖਿਆ ਦੀ ਜ਼ਰੂਰਤ ਨੂੰ ਮੋਂਟਫੋਰਡ ਰਿਪੋਰਟ ਨਾਲੋਂ ਬਹੁਤ ਵਧੀਆ ਢੰਗ ਨਾਲ ਸਮਝਿਆ ਹੈ। ਪਰ ਮੈਨੂੰ ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਈਮਨ ਨੇ ਸਾਡੀ ਪ੍ਰਤੀਨਿਧਤਾ ਲਈ ਸੁਝਾਏ ਗਏ ਢੰਗ ਦੀ ਪ੍ਰਵਾਨਗੀ ਅਤੇ ਸਾਡੀ ਪ੍ਰਤੀਨਿਧਤਾ ਦੀ ਮਾਤਰਾ ਦੇ ਮੁੱਦੇ ‘ਤੇ ਸਾਨੂੰ ਬਹੁਤ ਨਿਰਾਸ਼ ਕੀਤਾ ਹੈ।

17. ਜਿਵੇਂ ਕਿ ਤੁਸੀਂ ਜਾਣਦੇ ਹੋ, ਇਸ ਸਮੇਂ ਦਲਿਤ ਵਰਗ ਦੇ ਪ੍ਰਤੀਨਿਧੀ ਨਾਮਜ਼ਦ ਕੀਤੇ ਜਾਂਦੇ ਹਨ। ਸਾਡੇ ਵਿੱਚੋਂ ਜਿਹੜੇ ਬਦਕਿਸਮਤੀ ਨਾਲ ਨਾਮਜ਼ਦਗੀ ਦੁਆਰਾ ਤੁਹਾਡੇ ਪ੍ਰਤੀਨਿਧੀ ਬਣੇ ਹਨ, ਉਹ ਤੁਹਾਨੂੰ ਇਸ ਨਾਮਜ਼ਦ ਪ੍ਰਣਾਲੀ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਗੇ। ਮੈਨੂੰ ਇਹ ਕਹਿੰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਈਮਨ ਕਮਿਸ਼ਨ ਦੇ ਸਾਹਮਣੇ ਸਬੂਤ ਪੇਸ਼ ਕਰਦੇ ਸਮੇਂ ਇਸ ਪ੍ਰਣਾਲੀ ਦੀ ਪੂਰੇ ਭਾਰਤ ਤੋਂ ਵਿਆਪਕ ਤੌਰ ‘ਤੇ ਨਿੰਦਾ ਕੀਤੀ ਗਈ ਸੀ। ਇਸ ਪ੍ਰਣਾਲੀ ਦੇ ਤਹਿਤ ਸਾਡੇ ਲੋਕਾਂ ਨੂੰ ਆਪਣੀ ਪਸੰਦ ਅਤੇ ਯੋਗਤਾ ਦਾ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਜਾਂਦਾ ਹੈ; ਇਹ ਉਨ੍ਹਾਂ ਦੀ ਆਜ਼ਾਦੀ ਦੀ ਉਲੰਘਣਾ ਹੈ। ਇਸੇ ਤਰ੍ਹਾਂ, ਸਾਡੇ ਨਾਮਜ਼ਦ ਪ੍ਰਤੀਨਿਧੀਆਂ ਨੂੰ ਕੰਮ ਕਰਨ ਦੀ ਕੋਈ ਆਜ਼ਾਦੀ ਨਹੀਂ ਹੈ। ਇਹ ਅਫ਼ਸੋਸ ਦੀ ਗੱਲ ਹੈ ਕਿ ਸਾਈਮਨ ਕਮਿਸ਼ਨ ਨੇ ਇਸ ਸਭ ਦੇ ਬਾਅਦ ਵੀ ਇਸ ਸਭ ਤੋਂ ਭੈੜੀ ਪ੍ਰਣਾਲੀ ਨੂੰ ਨਹੀਂ ਛੱਡਿਆ ਹੈ। ਇਸ ਪ੍ਰਣਾਲੀ ਨਾਲ ਜੁੜੇ ਹੋਏ, ਇਸ ਨੇ ਸਿਫਾਰਸ਼ ਕੀਤੀ ਹੈ ਕਿ ਚੋਣ ਲਈ ਦਲਿਤ ਵਰਗ ਤੋਂ ਢੁਕਵਾਂ ਉਮੀਦਵਾਰ ਨਾ ਮਿਲਣ ਦੀ ਸਥਿਤੀ ਵਿੱਚ, ਰਾਜਪਾਲ ਨੂੰ ਦਲਿਤ ਵਰਗ ਦੇ ਪ੍ਰਤੀਨਿਧੀ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਹੋਵੇਗਾ। ਇੰਨਾ ਹੀ ਨਹੀਂ, ਸਾਈਮਨ ਕਮਿਸ਼ਨ ਨੇ ਇੱਕ ਬਹੁਤ ਹੀ ਅਣਚਾਹੇ ਸਿਫਾਰਸ਼ ਕੀਤੀ ਹੈ ਕਿ ਰਾਜਪਾਲ ਵਿਧਾਨ ਸਭਾਵਾਂ ਵਿੱਚ ਦਲਿਤ ਵਰਗ ਦੀ ਨੁਮਾਇੰਦਗੀ ਲਈ ਕਿਸੇ ਵੀ ਗੈਰ-ਦਲਿਤ ਨੂੰ ਨਾਮਜ਼ਦ ਕਰ ਸਕਦਾ ਹੈ। ਪਰ ਇਹ ਸਾਰੇ ਸੁਰੱਖਿਅਤ ਫੈਸਲੇ ਹੋਣਗੇ ਅਤੇ ਉਨ੍ਹਾਂ ‘ਤੇ ਬਹੁਤ ਜ਼ਿਆਦਾ ਵਿਚਾਰ ਕਰਨ ਦੀ ਕੋਈ ਲੋੜ ਨਹੀਂ ਹੈ। ਮੇਰੀ ਰਾਏ ਵਿੱਚ, ਆਮ ਪ੍ਰਸਤਾਵ ਵੀ ਓਨਾ ਹੀ ਅਵੈਧ ਹੈ। ਇਸ ਤਹਿਤ, ਦਲਿਤ ਵਰਗ ਦੇ ਪ੍ਰਤੀਨਿਧੀ ਸਾਂਝੇ ਚੋਣ ਸਮੂਹ ਦੇ ਆਧਾਰ ‘ਤੇ ਰਾਖਵੀਆਂ ਸੀਟਾਂ ਤੋਂ ਚੁਣੇ ਜਾਣਗੇ। ਜੇਕਰ ਇਸ ਸਿਫ਼ਾਰਸ਼ ਵਿੱਚ ਹੋਰ ਕੁਝ ਨਾ ਹੁੰਦਾ, ਤਾਂ ਅਸੀਂ ਆਪਣੀ ਮੌਜੂਦਾ ਸਥਿਤੀ ਤੋਂ ਵਿਕਸਤ ਹੁੰਦੇ। ਪਰ ਇਸ ਵਿੱਚ ਇੱਕ ਸ਼ਰਤ ਰੱਖੀ ਗਈ ਹੈ ਕਿ ਦਲਿਤ ਵਰਗ ਦਾ ਕੋਈ ਵੀ ਮੈਂਬਰ ਸਿਰਫ਼ ਤਾਂ ਹੀ ਉਮੀਦਵਾਰ ਬਣੇਗਾ ਜੇਕਰ ਉਸ ਰਾਜ ਦਾ ਰਾਜਪਾਲ ਉਸਦੀ ਯੋਗਤਾ ਨੂੰ ਪ੍ਰਮਾਣਿਤ ਕਰੇ, ਨਹੀਂ ਤਾਂ ਨਹੀਂ। ਅਸੀਂ ਇਸ ਪ੍ਰਣਾਲੀ ਅਤੇ ਨਵੀਂ ਸੁਝਾਈ ਗਈ ਪ੍ਰਣਾਲੀ ਨੂੰ ਸਵੀਕਾਰ ਨਹੀਂ ਕਰਦੇ ਕਿਉਂਕਿ ਮੌਜੂਦਾ ਪ੍ਰਣਾਲੀ ਅਤੇ ਨਵੀਂ ਸੁਝਾਈ ਗਈ ਪ੍ਰਣਾਲੀ ਵਿੱਚ ਇੰਨੀ ਸਮਾਨਤਾ ਹੈ ਕਿ ਉਨ੍ਹਾਂ ਵਿਚਕਾਰ ਚੋਣ ਕਰਨ ਦੇ ਯੋਗ ਕੁਝ ਨਹੀਂ ਹੈ ਅਤੇ ਅਜਿਹੀ ਸਥਿਤੀ ਵਿੱਚ ਜਦੋਂ ਰਾਜਪਾਲ ਸਿਰਫ਼ ਕਿਸੇ ਵੀ ਹਲਕੇ ਤੋਂ ਉਮੀਦਵਾਰ ਨੂੰ ਪ੍ਰਮਾਣਿਤ ਕਰੇਗਾ, ਤਾਂ ਇਹ ਇੱਕ ਪੂਰੀ ਤਰ੍ਹਾਂ ਨਾਮਜ਼ਦ ਪ੍ਰਤੀਨਿਧੀ ਹੋਵੇਗਾ ਅਤੇ ਹੋਰ ਕੁਝ ਨਹੀਂ। ਪ੍ਰਮਾਣੀਕਰਣ ਪ੍ਰਣਾਲੀ ਕਿਵੇਂ ਕੰਮ ਕਰੇਗੀ ਅਤੇ ਇਸ ਲਈ ਕੀ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇਗਾ, ਇਸ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਹੈ। ਇਸ ਕਮਿਸ਼ਨ ਨੇ ਸੁਝਾਅ ਦਿੱਤਾ ਹੈ ਕਿ ਰਾਜਪਾਲ ਇਸ ਸਬੰਧ ਵਿੱਚ ਦਲਿਤ ਵਰਗ ਦੇ ਸੰਗਠਨਾਂ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ, ਜਾਂ ਜੇ ਵੀ ਉਹ ਢੁਕਵਾਂ ਸਮਝਦਾ ਹੈ ਉਹ ਕਰ ਸਕਦਾ ਹੈ। ਇਹ ਦੋਵੇਂ ਤਰੀਕੇ ਸਾਡੇ ਲਈ ਅਸਵੀਕਾਰਨਯੋਗ ਹਨ। ਜੇਕਰ ਸੰਗਠਨਾਂ ਨਾਲ ਸਲਾਹ-ਮਸ਼ਵਰੇ ਦੇ ਢੰਗ ਦੀ ਪਾਲਣਾ ਕੀਤੀ ਜਾਂਦੀ ਹੈ, ਤਾਂ ਨਕਲੀ ਸੰਗਠਨਾਂ ਦਾ ਪ੍ਰਸਾਰ ਹੋਵੇਗਾ ਅਤੇ ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਆਪਣੇ ਕਠਪੁਤਲੀ ਉਮੀਦਵਾਰ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਭਾਵੇਂ ਉਹ ਉਮੀਦਵਾਰ ਆਮ ਲੋਕਾਂ ਨੂੰ ਬਿਲਕੁਲ ਵੀ ਸਵੀਕਾਰਯੋਗ ਨਾ ਹੋਵੇ ਅਤੇ ਜੇਕਰ ਕੋਈ ਹੋਰ ਤਰੀਕਾ ਅਪਣਾਇਆ ਜਾਂਦਾ ਹੈ, ਤਾਂ ਸਿਸਟਮ ਦੇ ਜਲਦੀ ਹੀ ਖਰਾਬ ਹੋਣ ਦਾ ਖ਼ਤਰਾ ਹੈ ਅਤੇ ਅਸਲ ਸ਼ਕਤੀ ਮਾਮਲਤਦਾਰਾਂ ਅਤੇ ਤਹਿਸੀਲਦਾਰਾਂ ਦੇ ਹੱਥਾਂ ਵਿੱਚ ਫਸ ਜਾਵੇਗੀ ਅਤੇ ਬਾਬੂਗਿਰੀ ਦੇ ਗੁਲਾਮ ਬਣ ਜਾਵੇਗੀ ਕਿਉਂਕਿ ਰਾਜਪਾਲ ਨੂੰ ਉਨ੍ਹਾਂ ਦੀਆਂ ਰਿਪੋਰਟਾਂ ਦੇ ਆਧਾਰ ‘ਤੇ ਇੱਕ ਸਮਝਦਾਰੀ ਵਾਲਾ ਫੈਸਲਾ ਲੈਣਾ ਪਵੇਗਾ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਇਹ ਮਾਮਲਤਦਾਰ ਅਤੇ ਤਹਿਸੀਲਦਾਰ ਕਿਸ ਸ਼੍ਰੇਣੀ ਦੇ ਅਧਿਕਾਰੀਆਂ ਨਾਲ ਸਬੰਧਤ ਹਨ ਅਤੇ ਦਲਿਤ ਵਰਗ ਅਤੇ ਬੁੱਧੀਜੀਵੀਆਂ ਪ੍ਰਤੀ ਉਨ੍ਹਾਂ ਦਾ ਕਿੰਨਾ ਵਿਗੜਿਆ ਰਵੱਈਆ ਹੈ। ਇਸ ਲਈ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਉਹ ਕਿਸ ਕਿਸਮ ਦੇ ਲੋਕਾਂ ਨੂੰ ਪ੍ਰਮਾਣੀਕਰਣ ਲਈ ਸਿਫਾਰਸ਼ ਕਰਨਗੇ।

18. ਮੈਂ ਕਮਿਸ਼ਨ ਦੀ ਇਸ ਦਲੀਲ ਨਾਲ ਸਹਿਮਤ ਨਹੀਂ ਹੋ ਸਕਦਾ ਕਿ ਦਲਿਤ ਵਰਗ ਦੇ ਪ੍ਰਤੀਨਿਧੀਆਂ ਦੇ ਮਾਮਲੇ ਵਿੱਚ ਪ੍ਰਮਾਣੀਕਰਣ ਦੀ ਕੋਈ ਵਿਸ਼ੇਸ਼ ਲੋੜ ਹੈ। ਜੇਕਰ ਇਸ ਨਿਯਮ ਦਾ ਉਦੇਸ਼ ਸਿਰਫ਼ ਅਯੋਗ ਲੋਕਾਂ ਨੂੰ ਵਿਧਾਨ ਸਭਾਵਾਂ ਤੋਂ ਦੂਰ ਰੱਖਣਾ ਹੈ, ਤਾਂ ਮੈਂ ਕਹਿੰਦਾ ਹਾਂ ਕਿ ਹੋਰ ਵੀ ਬਹੁਤ ਸਾਰੇ ਹਨ ਜਿਨ੍ਹਾਂ ਲਈ ਪ੍ਰਮਾਣੀਕਰਣ ਦੀ ਪ੍ਰਣਾਲੀ ਜ਼ਰੂਰੀ ਹੋਣੀ ਚਾਹੀਦੀ ਹੈ। ਜੇਕਰ ਅਯੋਗਤਾ ਦਾ ਅਰਥ ਹੈ ਅੰਗਰੇਜ਼ੀ ਦਾ ਗਿਆਨ ਨਾ ਹੋਣਾ ਅਤੇ ਅੰਗਰੇਜ਼ੀ ਵਿੱਚ ਭਾਸ਼ਣ ਦੇਣ ਵਿੱਚ ਅਸਮਰੱਥਾ, ਤਾਂ ਮੈਂ ਮੁੰਬਈ ਵਿਧਾਨ ਪ੍ਰੀਸ਼ਦ ਦੇ ਸਿੰਧ ਤੋਂ ਵੱਡੀ ਗਿਣਤੀ ਵਿੱਚ ਬਹੁਤ ਸਾਰੇ ਗੈਰ-ਬ੍ਰਾਹਮਣਾਂ ਅਤੇ ਮੁਸਲਮਾਨਾਂ ਨੂੰ ਜਾਣਦਾ ਹਾਂ ਜੋ ਮੈਂਬਰ ਹਨ ਪਰ ਅੰਗਰੇਜ਼ੀ ਨਹੀਂ ਜਾਣਦੇ। ਉਨ੍ਹਾਂ ਨੇ ਨਾ ਤਾਂ ਕੋਈ ਸਵਾਲ ਪੁੱਛਿਆ ਹੈ ਅਤੇ ਨਾ ਹੀ ਕੋਈ ਭਾਸ਼ਣ ਦਿੱਤਾ ਹੈ। ਮੈਂ ਇਹ ਕਹਿਣ ਦੀ ਹਿੰਮਤ ਕਰਦਾ ਹਾਂ ਕਿ ਸਾਡੇ ਦਲਿਤ ਵਰਗ ਦੇ ਪ੍ਰਤੀਨਿਧੀ ਵੀ ਆਪਣੇ-ਆਪਣੇ ਵਿਧਾਨ ਪ੍ਰੀਸ਼ਦਾਂ ਤੋਂ ਅਜਿਹੇ ਬਹੁਤ ਸਾਰੇ ਨਾਮ ਯਾਦ ਕਰ ਸਕਦੇ ਹਨ। ਜੇਕਰ ਉਨ੍ਹਾਂ ਲਈ ਸਰਟੀਫਿਕੇਟ ਦੀ ਲੋੜ ਨਹੀਂ ਹੈ, ਤਾਂ ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਇਹ ਸਿਰਫ਼ ਦਲਿਤ ਵਰਗ ਦੇ ਪ੍ਰਤੀਨਿਧੀਆਂ ਲਈ ਹੀ ਕਿਉਂ ਜ਼ਰੂਰੀ ਹੈ। ਇਸ ਲਈ, ਸਾਨੂੰ ਇਸ ਸੁਝਾਏ ਗਏ ਸਿਸਟਮ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਪਵੇਗਾ ਅਤੇ ਅਸੀਂ ਬਿਨਾਂ ਕਿਸੇ ਰੁਕਾਵਟ ਜਾਂ ਬਿਨਾਂ ਸ਼ਰਤ ਦੇ ਆਪਣੇ ਪ੍ਰਤੀਨਿਧੀਆਂ ਨੂੰ ਆਪਣੀ ਮਰਜ਼ੀ ਨਾਲ, ਆਪਣੀ ਮਰਜ਼ੀ ਨਾਲ ਚੁਣਨ ਦੇ ਅਧਿਕਾਰ ਦੀ ਮੰਗ ਕਰਦੇ ਹਾਂ। ਸਾਨੂੰ ਆਪਣੇ ਹਿੱਤਾਂ ਦੀ ਚੰਗੀ ਸਮਝ ਹੈ ਅਤੇ ਸਾਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਸਾਡੇ ਲਈ ਕੀ ਚੰਗਾ ਹੈ ਅਤੇ ਅਸੀਂ ਇਹ ਅਧਿਕਾਰ ਰਾਜਪਾਲ ਨੂੰ ਬਿਲਕੁਲ ਨਹੀਂ ਦੇ ਸਕਦੇ।

**ਲੇਖ ਦਾ ਬਾਕੀ ਭਾਗ ਕਲ**

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਜੂਨ
INTERNATIONAL PAPER, 9463601616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

ਲੜੀ ਵਾਰ ਭਾਗ ਦੂਜਾ

ਇਹ ਅਫ਼ਸੋਸ ਦੀ ਗੱਲ ਹੈ ਕਿ ਪ੍ਰੋ. ਮੈਕਸ ਮੂਲਰ ਕਦੇ ਭਾਰਤ ਨਹੀਂ ਆਏ। ਉਹ ਸ਼ਾਇਦ ਸਿਧਾਂਤ ਅਤੇ ਹਕੀਕਤ ਵਿੱਚ ਕਿੰਨਾ ਅੰਤਰ ਹੈ ਇਹ ਦੇਖਣ ਤੋਂ ਬਾਅਦ ਅੰਤਰ ਨੂੰ ਸਪੱਸ਼ਟ ਕਰ ਸਕਦੇ ਸਨ। ਵਰਤਮਾਨ ਵਿੱਚ ਇਹ ਅੰਤਰ ਇੱਕ ਬੁਝਾਰਤ ਬਣਿਆ ਹੋਇਆ ਹੈ।

ਇਹ ਅੰਤਰ ਬ੍ਰਹਮ ਸਿਧਾਂਤ ਦੇ ਬਾਵਜੂਦ ਮੌਜੂਦ ਹੈ, ਜਿਸ ਨੂੰ ਬੁਲਾਉਂਦੇ ਹੋਏ ਬ੍ਰਾਹਮਣ ਕਹਿੰਦੇ ਹਨ ਕਿ ਬ੍ਰਹਮਾ ਸਾਰੇ ਜੀਵਾਂ ਵਿੱਚ ਮੌਜੂਦ ਹੈ ਅਤੇ ਸਾਰੇ ਜੀਵਾਂ ਵਿੱਚ ਰਹਿੰਦਾ ਹੈ। ਜੇਕਰ ਬ੍ਰਹਮਾ ਬ੍ਰਾਹਮਣ ਵਿੱਚ ਰਹਿੰਦਾ ਹੈ, ਤਾਂ ਉਹ ਆਦਿਵਾਸੀਆਂ, ਅਪਰਾਧੀ-ਪੇਸ਼ੇਵਰਾਂ ਅਤੇ ਅਛੂਤਾਂ ਵਿੱਚ ਵੀ ਕਿਉਂ ਮੌਜੂਦ ਹੈ? ਇਨ੍ਹਾਂ ਦੇ ਤੱਥਾਂ, ਜਿਵੇਂ ਕਿ ਬ੍ਰਹਮ ਸਿਧਾਂਤ ਅਤੇ ਇਸਦੇ ਉਲਟ, ਆਦਿਵਾਸੀ ਕਬੀਲਿਆਂ, ਅਪਰਾਧੀ-ਪੇਸ਼ੇਵਰਾਂ ਅਤੇ ਅਛੂਤਾਂ ਵਿਚਕਾਰ ਟਕਰਾਅ ਕਿਵੇਂ ਹੋ ਸਕਦਾ ਹੈ?

ਇਸ ਦਲਿਤ ਵਰਗ ਦੀਆਂ ਤਿੰਨ ਵੱਖ-ਵੱਖ ਸ਼੍ਰੇਣੀਆਂ ਹਨ। ਇੱਕ ਸ਼੍ਰੇਣੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਆਦਿਵਾਸੀ ਕਬੀਲੇ ਕਿਹਾ ਜਾਂਦਾ ਹੈ। ਦੂਜੀ ਸ਼੍ਰੇਣੀ ਉਨ੍ਹਾਂ ਜਾਤੀਆਂ ਦੀ ਹੈ ਜੋ ਅਪਰਾਧਿਕ ਕਿੱਤਾ ਸ਼੍ਰੇਣੀਆਂ ਦੀ ਸੂਚੀ ਵਿੱਚ ਸ਼ਾਮਲ ਹਨ। ਇੱਕ ਵੱਖਰੀ ਅਤੇ ਤੀਜੀ ਸ਼੍ਰੇਣੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਹੈ।

ਇਨ੍ਹਾਂ ਤਿੰਨਾਂ ਸ਼੍ਰੇਣੀਆਂ ਦੇ ਲੋਕਾਂ ਦੀ ਗਿਣਤੀ ਘੱਟ ਨਹੀਂ ਹੈ। 1931 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਭਾਰਤ ਵਿੱਚ ਆਦਿਮ ਕਬੀਲਿਆਂ ਦੀ ਕੁੱਲ ਗਿਣਤੀ 25 ਮਿਲੀਅਨ ਹੈ। ਹੁਣ ਅਪਰਾਧਿਕ ਵਜੋਂ ਸੂਚੀਬੱਧ ਅਪਰਾਧਿਕ ਕਿੱਤਾ ਸ਼੍ਰੇਣੀਆਂ ਦੀ ਕੁੱਲ ਗਿਣਤੀ ਲਗਭਗ 45 ਮਿਲੀਅਨ ਹੈ। 1931 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਪੂਰੇ ਭਾਰਤ ਵਿੱਚ ਅਛੂਤਾਂ ਦੀ ਕੁੱਲ ਗਿਣਤੀ ਪੰਜ ਕਰੋੜ ਹੈ। ਇਨ੍ਹਾਂ ਲੋਕਾਂ ਦੀ ਕੁੱਲ ਗਿਣਤੀ 79.5 ਮਿਲੀਅਨ ਹੈ। ਹੁਣ ਸਵਾਲ ਇਹ ਹੈ ਕਿ ਇਨ੍ਹਾਂ 79.5 ਮਿਲੀਅਨ ਲੋਕਾਂ ਦੀ ਹਾਲਤ ਕੀ ਹੈ?

ਪਹਿਲਾਂ ਆਦਿਮ ਕਬੀਲਿਆਂ ਨੂੰ ਹੀ ਲੈ ਲਓ। ਉਨ੍ਹਾਂ ਦੀ ਸੱਭਿਅਤਾ ਦੀ ਹਾਲਤ ਕੀ ਹੈ?

ਉਨ੍ਹਾਂ ਨੂੰ ਦਿੱਤਾ ਗਿਆ ਆਦਿਮ ਕਬੀਲਾ ਨਾਮ ਖੁਦ ਉਨ੍ਹਾਂ ਦੀ ਮੌਜੂਦਾ ਹਾਲਤ ਦਾ ਅੰਦਾਜ਼ਾ ਲਗਾਉਂਦਾ ਹੈ। ਉਹ ਜੰਗਲਾਂ ਵਿੱਚ ਇੱਧਰ-ਉੱਧਰ ਛੋਟੀਆਂ ਝੌਂਪੜੀਆਂ ਵਿੱਚ ਰਹਿੰਦੇ ਹਨ। ਉਹ ਜੰਗਲੀ ਫਲ, ਕੰਦ ਅਤੇ ਜੜ੍ਹਾਂ ਖਾਂਦੇ ਹਨ। ਉਹ ਭੋਜਨ ਲਈ ਮੱਛੀਆਂ ਅਤੇ ਜੰਗਲੀ ਜਾਨਵਰਾਂ ਦਾ ਵੀ ਸ਼ਿਕਾਰ ਕਰਦੇ ਹਨ। ਖੇਤੀਬਾੜੀ ਦਾ ਉਨ੍ਹਾਂ ਦੀ ਸਮਾਜਿਕ ਆਰਥਿਕਤਾ ਵਿੱਚ ਬਹੁਤ ਘੱਟ ਸਥਾਨ ਹੈ। ਉੱਥੇ ਭੋਜਨ ਸਮੱਗਰੀ ਦੀ ਪੂਰੀ ਘਾਟ ਹੈ। ਇਸ ਲਈ ਉਨ੍ਹਾਂ ਨੂੰ ਖਾਣ ਲਈ ਕਾਫ਼ੀ ਭੋਜਨ ਨਹੀਂ ਮਿਲਦਾ। ਇਹ ਉਨ੍ਹਾਂ ਦੀ ਕਿਸਮਤ ਹੈ। ਉਹ ਲਗਭਗ ਪੂਰੀ ਤਰ੍ਹਾਂ ਨੰਗੇ ਰਹਿੰਦੇ ਹਨ। ਬੋਂਦਾ ਪੋਰਜ ਨਾਮਕ ਇੱਕ ਆਦਿਮ ਕਬੀਲਾ ਹੈ। ਬੋਂਦਾ ਪੋਰਜ ਦਾ ਅਰਥ ਹੈ ‘ਨੰਗਾ ਪੋਰਜ’। ਇਨ੍ਹਾਂ ਲੋਕਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਔਰਤਾਂ ਆਪਣੇ ਆਲੇ-ਦੁਆਲੇ ਇੱਕ ਟੁਕੜਾ ਲਪੇਟ ਕੇ ਰੱਖਦੀਆਂ ਹਨ, ਜੋ ਪੇਟੀਕੋਟ ਵਜੋਂ ਕੰਮ ਕਰਦਾ ਹੈ। ਇਹ ਅਸਾਮ ਦੇ ਮੇਮਜਾਕ ਨਾਗਾ ਲੋਕਾਂ ਦੁਆਰਾ ਪਹਿਨੇ ਜਾਣ ਵਾਲੇ ਸਮਾਨ ਹੈ। ਇਸਦੇ ਸਿਰੇ ਖੱਬੇ ਪੱਟ ਉੱਤੇ ਬਹੁਤ ਮੁਸ਼ਕਲ ਨਾਲ ਬੰਨ੍ਹੇ ਜਾਂਦੇ ਹਨ। ਇਹ ਪੇਟੀਕੋਟ ਘਰ ਵਿੱਚ ਜੰਗਲੀ ਦਰੱਖਤ ਦੀ ਛਿੱਲ ਦੇ ਰੇਸ਼ਿਆਂ ਤੋਂ ਬੁਣੇ ਜਾਂਦੇ ਹਨ। ਕੁੜੀਆਂ ਆਪਣੀਆਂ ਬਾਹਾਂ ਵਿੱਚ ਹਥੇਲੀ ਦੇ ਖੰਭ ਅਤੇ ਮਣਕੇ ਪਾ ਕੇ ਆਪਣੀਆਂ ਪਲੇਟਾਂ ਬੁਣਦੀਆਂ ਹਨ। ਉਹ ਆਪਣੇ ਗਲੇ ਵਿੱਚ ਬਹੁਤ ਸਾਰੇ ਮਣਕਿਆਂ ਦੇ ਹਾਰ ਅਤੇ ਹੋਰ ਗਹਿਣੇ ਉਸੇ ਤਰ੍ਹਾਂ ਪਾਉਂਦੀਆਂ ਹਨ ਜਿਵੇਂ ਬਹੁਤ ਸਾਰੀਆਂ ਮੇਮਜਾਕ ਔਰਤਾਂ ਕਰਦੀਆਂ ਹਨ। ਇਸ ਤੋਂ ਇਲਾਵਾ, ਔਰਤਾਂ ਕੁਝ ਨਹੀਂ ਪਹਿਨਦੀਆਂ। ਔਰਤਾਂ ਆਪਣੇ ਸਿਰ ਪੂਰੀ ਤਰ੍ਹਾਂ ਮੁੰਨ ਦਿੰਦੀਆਂ ਹਨ। ... ਨਿਜ਼ਾਮ ਦੇ ਰਾਜ ਵਿੱਚ ਫਰਾਹਾਬਾਦ ਦੇ ਨੇੜੇ ਰਹਿਣ ਵਾਲੇ ਚੇਂਚੂ ਨਾਮਕ ਇੱਕ ਕਬੀਲੇ ਦੇ ਬਾਰੇ ਵਿੱਚ ਕਿਹਾ ਜਾਂਦਾ ਹੈ ਕਿ ਕੇਨ ਵਰਗੇ ਛੋਟੇ ਘਰ ਹਨ। ਕੇਨ ਨੂੰ ਉੱਪਰ ਤੋਂ ਹੇਠਾਂ ਤੱਕ ਢਾਲਣ ਲਈ ਬਾਂਸ ਦੀਆਂ ਲੰਬੀਆਂ ਪੱਟੀਆਂ ਚਾਰੇ ਪਾਸੇ ਵਿਛਾਈਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ ਘਾਹ ਨਾਲ ਢੱਕਿਆ ਜਾਂਦਾ ਹੈ ਜੋ ਛੱਤ ਦਾ ਕੰਮ ਕਰਦਾ ਹੈ।

......ਉਨ੍ਹਾਂ ਕੋਲ ਜਾਇਦਾਦ ਦੇ ਰੂਪ ਵਿੱਚ ਕੁਝ ਵੀ ਨਹੀਂ ਹੈ। ਉਹ ਸਿਰਫ਼ ਕੁਝ ਕੱਪੜੇ ਪਹਿਨਦੇ ਹਨ। ਮਰਦ ਲੰਗੋਟ ਅਤੇ ਅੰਡਰਵੀਅਰ ਪਹਿਨਦੇ ਹਨ ਅਤੇ ਔਰਤਾਂ ਇੱਕ ਛੋਟਾ ਬਲਾਊਜ਼ ਅਤੇ ਪੇਟੀਕੋਟ ਪਹਿਨਦੀਆਂ ਹਨ। ਇਹ ਉਨ੍ਹਾਂ ਦੇ ਕੱਪੜੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਕੋਲ ਖਾਣਾ ਪਕਾਉਣ ਲਈ ਕੁਝ ਭਾਂਡੇ ਅਤੇ ਇੱਕ ਜਾਂ ਦੋ ਟੋਕਰੀਆਂ ਹਨ। ਕਈ ਵਾਰ ਉਨ੍ਹਾਂ ਵਿੱਚ ਅਨਾਜ ਸਟੋਰ ਕੀਤਾ ਜਾਂਦਾ ਹੈ। ਉਹ ਪਸ਼ੂ ਅਤੇ ਬੱਕਰੀਆਂ ਪਾਲਦੇ ਹਨ। ਇਸ ਪਿੰਡ ਵਿੱਚ ਸਿਰਫ਼ ਕੁਝ ਖੇਤੀ ਹੁੰਦੀ ਹੈ। ਕਿਤੇ ਹੋਰ ਉਹ ਆਪਣੇ ਗੁਜ਼ਾਰੇ ਲਈ ਸ਼ਹਿਦ ਅਤੇ ਜੰਗਲੀ ਉਪਜ ‘ਤੇ ਨਿਰਭਰ ਕਰਦੇ ਹਨ, ਜਿਸਨੂੰ ਉਹ ਵੇਚਦੇ ਹਨ। ਮੇਰੀਆ ਨਾਮਕ ਇੱਕ ਹੋਰ ਕਬਾਇਲੀ ਭਾਈਚਾਰੇ ਬਾਰੇ ਕਿਹਾ ਜਾਂਦਾ ਹੈ ਕਿ ਮਰਦ ਆਮ ਤੌਰ ‘ਤੇ ਕਮਰ ਦੇ ਹੇਠਾਂ ਗੋਡਿਆਂ ਦੇ ਉੱਪਰ ਤੱਕ ਬੰਨ੍ਹਿਆ ਧੋਤੀ ਵਰਗਾ ਤੌਲੀਆ ਪਹਿਨਦੇ ਹਨ, ਜਿਸਦਾ ਕਿਨਾਰਾ ਸਾਹਮਣੇ ਲਟਕਦਾ ਹੈ। ਉਹ ਮਣਕਿਆਂ ਦੇ ਹਾਰ ਵੀ ਪਹਿਨਦੇ ਹਨ, ਅਤੇ ਨੱਚਦੇ ਸਮੇਂ ਉਹ ਆਪਣੇ ਸਾਫ਼ਿਆਂ ਵਿੱਚ ਕੁੱਕੜ ਅਤੇ ਮੋਰ ਦੇ ਖੰਭ ਪਾਉਂਦੇ ਹਨ। ਬਹੁਤ ਸਾਰੀਆਂ ਕੁੜੀਆਂ ਆਪਣੇ ਸਰੀਰ ਦਾ ਟੈਟੂ ਬਣਵਾਉਂਦੀਆਂ ਹਨ, ਖਾਸ ਕਰਕੇ ਆਪਣੇ ਚਿਹਰੇ। ਕੁਝ ਆਪਣੀਆਂ ਲੱਤਾਂ ‘ਤੇ ਵੀ ਟੈਟੂ ਬਣਵਾਉਂਦੀਆਂ ਹਨ। ਟੈਟੂ ਨਿੱਜੀ ਸੁਆਦ ਦੇ ਅਨੁਸਾਰ ਵੱਖ-ਵੱਖ ਆਕਾਰ ਦੇ ਹੁੰਦੇ ਹਨ। ਇਹ ਟੈਟੂ ਸੂਈਆਂ ਅਤੇ ਕੰਡਿਆਂ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਆਪਣੇ ਵਾਲਾਂ ਵਿੱਚ ਜੰਗਲੀ ਕੁੱਕੜ ਦੇ ਖੰਭ ਲਗਾਉਂਦੇ ਹਨ। ਉਹ ਆਪਣੇ ਸਿਰਾਂ ਨੂੰ ਲੱਕੜ ਦੇ ਹੱਥਾਂ, ਟੀਨ ਅਤੇ ਪਿੱਤਲ ਨਾਲ ਵੀ ਸਜਾਉਂਦੇ ਹਨ।

**ਲੇਖ ਦਾ ਬਾਕੀ ਭਾਗ ਕਲ**

# ਅਕਾਲ ਅਕੈਡਮੀ ਕਮਾਲਪੁਰ ਦੇ ਵਿਦਿਆਰਥੀਆਂ ਨੇ 12ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਕੀਤੀ ਰੌਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਸੰਗਰੂਰ,20 ਜੂਨ (ਜਗਸੀਰ ਲੌਂਗੋਵਾਲ)-

ਕਲਗੀਧਰ ਟਰਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਕਮਾਲਪੁਰ ਦੇ ਵਿਦਿਆਰਥੀਆਂ ਨੇ 12ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ ਵਿੱਚ ਭਾਗ ਲਿਆ ਗਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਆਪਣੇ ਨਾਮ ਕਰਕੇ ਸਕੂਲ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਇਹ ਰਾਸ਼ਟਰੀ ਪੱਧਰੀ ਚੈਂਪੀਅਨਸ਼ਿਪ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਵੱਲੋਂ ਤਿੰਨ ਦਿਨਾਂ ਲਈ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਆਯੋਜਿਤ ਕੀਤੀ ਗਈ ਸੀ, ਜਿਸ




ਵਿੱਚ ਦੇਸ਼ ਭਰ ਦੇ 14 ਸੂਬਿਆਂ ਤੋਂ 500 ਤੋਂ ਵੱਧ ਖਿਡਾਰੀ ਸ਼ਾਮਿਲ ਹੋਏ। ਪੰਜਾਬ ਸਟੇਟ ਟੀਮ ਦੀ ਨੁਮਾਇੰਦਗੀ ਕਰਦਿਆਂ ਅਕਾਲ ਅਕੈਡਮੀ ਕਮਾਲਪੁਰ ਦੇ ਵਿਦਿਆਰਥੀਆਂ ਨੇ ਵੱਖ-ਵੱਖ ਇਵੈਂਟਾਂ ਵਿੱਚ ਮੈਡਲ ਜਿੱਤੇ ਜਿਵੇ ਇਸ਼ਪ੍ਰੀਤ ਕੌਰ, ਜੈਸਮੀਨ ਕੌਰ ਅਤੇ ਪਵਨੀਤ ਕੌਰ (ਉਮਰ ਵਰਗ 19) ਨੇ ਸਿੰਗਲ ਸੋਟੀ ਟੀਮ ਇਵੈਂਟ ਵਿੱਚੋਂ ਸੋਨ ਤਗਮਾ (ਗੋਲਡ) ਹਾਸਿਲ ਕੀਤਾ, ਗੁਰਨੀਤ ਕੌਰ (ਉਮਰ ਵਰਗ 19) ਨੇ ਫਰੀ ਸਟਿਕ ਟੀਮ ਇਵੈਂਟ ਵਿੱਚੋਂ ਸੋਨ ਤਗਮਾ (ਗੋਲਡ) ਹਾਸਿਲ ਕੀਤਾ, ਸਮਨਪ੍ਰੀਤ ਕੌਰ ਨੇ (ਉਮਰ ਵਰਗ 14) ਫਰੀ ਸੋਟੀ ਵਿਅਕਤੀਗਤ ਵਿੱਚੋਂ ਚਾਂਦੀ ਦਾ ਤਗਮਾ (ਸਿਲਵਰ) ਹਾਸਿਲ ਕੀਤਾ ਅਤੇ ਦਮਨਪ੍ਰੀਤ ਕੌਰ ਨੇ (ਉਮਰ ਵਰਗ 14) ਸਿੰਗਲ ਸੋਟੀ ਟੀਮ ਇਵੈਂਟ ਵਿੱਚੋਂ ਕਾਂਸੀ ਤਗਮਾ (ਬ੍ਰਾਂਜ਼) ਹਾਸਿਲ ਕੀਤਾ ਗਿਆ। ਇਹ ਉਪਲਬਧੀਆਂ ਸਿਰਫ਼ ਵਿਦਿਆਰਥੀਆਂ ਦੀ ਹੀ ਨਹੀਂ, ਸਗੋਂ ਕੋਚ ਸ਼ੈਰੀ ਸਿੰਘ ਦੀ ਅਟੁੱਟ ਮਿਹਨਤ ਦਾ ਨਤੀਜਾ ਵੀ ਹਨ। ਕੋਚ ਸ਼ੈਰੀ ਸਿੰਘ ਨੇ ਸਿਰਫ਼ ਵਿਦਿਆਰਥੀਆਂ ਨੂੰ ਸਿਖਲਾਈ ਨਹੀਂ ਦਿੱਤੀ, ਬਲਕਿ ਆਪਣੀ ਪ੍ਰਦਰਸ਼ਨਸ਼ੀਲਤਾ ਨਾਲ ਦੋ ਗੋਲਡ ਮੈਡਲ ਜਿੱਤ ਕੇ "ਸਰਵੋਤਮ ਖਿਡਾਰੀ" ਦਾ ਖਿਤਾਬ ਵੀ ਹਾਸਿਲ ਕੀਤਾ। ਅਕਾਲ ਅਕੈਡਮੀ ਕਮਾਲਪੁਰ ਦੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਪੂਰੇ ਸਕੂਲ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ, "ਇਹ ਉਪਲਬਧੀ ਸਾਡੀ ਅਕਾਦਮੀ ਦੇ ਉੱਚ ਸਿੱਖਿਆ ਅਤੇ ਖੇਡ ਮਿਆਰ ਨੂੰ ਦਰਸਾਉਂਦੀ ਹੈ। ਅਸੀਂ ਆਪਣੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹਾਂ।"

# ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬੀ ਸਿੱਖਲੇ ਕੈਂਪ ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਰਤੀਆ/ਸੁਨੀਲ ਕੁਮਾਰ

ਗਰਮੀਆਂ ਦੀਆਂ ਛੁੱਟੀਆਂ ਕਾਰਨ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਨਾਲ ਜੋੜਨ ਲਈ ਸ਼ਹਿਰ ਦੇ ਫਤਿਹਾਬਾਦ ਰੋਡ 'ਤੇ ਸਥਿਤ ਗੁਰਦੁਆਰਾ ਵਿਸ਼ਵਕਰਮਾ ਸਾਹਿਬ ਵਿੱਚ ਪੰਜਾਬੀ ਸਿੱਖਲੇ ਕੈਂਪ ਲਗਾਤਾਰ ਚੱਲ ਰਿਹਾ ਹੈ। ਬੱਚਿਆਂ ਦਾ ਆਪਣੀ ਮਾਂ ਬੋਲੀ ਪ੍ਰਤੀ ਵਧਦਾ ਉਤਸ਼ਾਹ



ਕਾਰਨ ਕੈਂਪ ਵਿੱਚ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਕਮੇਟੀ ਮੈਂਬਰ ਤਰਲੋਚਨ ਸਿੰਘ ਨੇ ਕਿਹਾ ਕਿ ਜੂਨ ਮਹੀਨੇ ਵਿੱਚ ਗਰਮੀਆਂ ਦੀਆਂ ਛੁੱਟੀਆਂ ਕਾਰਨ ਗੁਰਦੁਆਰਾ ਵਿਸ਼ਵਕਰਮਾ ਸਾਹਿਬ ਵਿੱਚ ਕੈਂਪ ਲਗਾਤਾਰ ਚੱਲ ਰਿਹਾ ਹੈ ਜੋ 1 ਜੂਨ ਤੋਂ ਚੱਲ ਰਿਹਾ ਹੈ। ਸਵੇਰੇ ਚੱਲ ਰਹੇ ਕੈਂਪ ਵਿੱਚ ਕੈਂਪ ਰਾਹੀਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੇ ਮੌਕੇ ਪ੍ਰਦਾਨ ਕੀਤੇ ਗਏ ਹਨ ਅਤੇ ਨਾਲ ਹੀ ਨੈਤਿਕ ਸਿੱਖਿਆ ਨਾਲ ਸਬੰਧਤ ਗਤੀਵਿਧੀਆਂ ਵੀ ਸਿਖਾਈਆਂ ਜਾ ਰਹੀਆਂ ਹਨ ਜਿਸ ਵਿੱਚ ਬੱਚੇ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ ਅਤੇ ਕੈਂਪ ਵਿੱਚ ਪੜ੍ਹਾਈ ਨਾਲ ਸਬੰਧਤ ਸਮੱਗਰੀ ਉਪਲਬਧ ਕਰਵਾਈ ਜਾ ਰਹੀ ਹੈ। ਪੰਜਾਬੀ ਭਾਸ਼ਾ ਸਿੱਖਣ ਵਾਲੇ ਬੱਚਿਆਂ ਨੂੰ ਗੁਰਬਾਣੀ ਨਾਲ ਵੀ ਜੋੜਿਆ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਕਸ਼ਮੀਰ ਸਿੰਘ, ਮੇਜਰ ਸਿੰਘ, ਗੁਰਮੀਤ ਸਿੰਘ, ਜਗਤਾਰ ਸਿੰਘ ਅਤੇ ਅਧਿਆਪਕ ਮੌਜੂਦ ਸਨ

# ਫਤਿਹਾਬਾਦ ਪੁਲਿਸ ਦੀ ਮਹਿਲਾ ਟੀਮ ਵੱਲੋਂ ਡਾਇਲ 112, ਟ੍ਰਿਪ ਮਾਨੀਟਰਿੰਗ ਸਿਸਟਮ ਅਤੇ ਸਾਈਬਰ ਧੋਖਾਧੜੀ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਗਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਫਤਿਹਾਬਾਦ/ਸੁਨੀਲ ਕੁਮਾਰ

ਪੁਲਿਸ ਸੁਪਰਡੈਂਟ ਸਿਧਾਂਤ ਜੈਨ, ਆਈਪੀਐਸ ਦੇ ਨਿਰਦੇਸ਼ਾਂ ਅਨੁਸਾਰ ਅਤੇ ਇੰਸਪੈਕਟਰ ਮੰਜੂ ਸਿੰਘ ਦੀ ਯੋਗ ਅਗਵਾਈ ਹੇਠ, ਫਤਿਹਾਬਾਦ ਪੁਲਿਸ ਦੀਆਂ ਮਹਿਲਾ ਕਰਮਚਾਰੀਆਂ ਵੱਲੋਂ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ, ਫਤਿਹਾਬਾਦ ਖੇਤਰ ਵਿੱਚ ਆਮ ਲੋਕਾਂ ਨੂੰ ਡਾਇਲ 112 ਸੇਵਾ, ਟ੍ਰਿਪ ਮਾਨੀਟਰਿੰਗ ਸਿਸਟਮ



(ਟੀਐਮਐਸ) ਅਤੇ ਸਾਈਬਰ ਧੋਖਾਧੜੀ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।

ਮਹਿਲਾ ਪੁਲਿਸ ਕਰਮਚਾਰੀਆਂ ਦੀ ਟੀਮ ਨੇ ਬਾਜ਼ਾਰ, ਜਨਤਕ ਥਾਵਾਂ ਅਤੇ ਸਕੂਲ-ਕਾਲਜਾਂ ਦੇ ਆਲੇ-ਦੁਆਲੇ ਦੇ ਲੋਕਾਂ ਨਾਲ ਸਿੱਧਾ ਸੰਪਰਕ ਕੀਤਾ ਅਤੇ ਦੱਸਿਆ ਕਿ ਡਾਇਲ 112 ਇੱਕ ਤੇਜ਼ ਐਮਰਜੈਂਸੀ ਸੇਵਾ ਹੈ, ਜਿਸ ਰਾਹੀਂ ਆਮ ਲੋਕ ਜਲਦੀ ਹੀ ਪੁਲਿਸ, ਐਂਬੂਲੈਂਸ ਜਾਂ ਫਾਇਰ ਬ੍ਰਿਗੇਡ ਦੀ ਮਦਦ ਲੈ ਸਕਦੇ ਹਨ।

ਇਸ ਦੇ ਨਾਲ, ਟ੍ਰਿਪ ਮਾਨੀਟਰਿੰਗ ਸਿਸਟਮ ਰਾਹੀਂ, ਔਰਤਾਂ ਆਪਣੀ ਯਾਤਰਾ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰ ਸਕਦੀਆਂ ਹਨ, ਤਾਂ ਜੋ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਪ੍ਰਣਾਲੀ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਵਿਸ਼ੇਸ਼ ਤੌਰ 'ਤੇ ਪ੍ਰਭਾਵਸ਼ਾਲੀ ਸਾਬਤ ਹੋ ਰਹੀ ਹੈ।

ਸਾਈਬਰ ਧੋਖਾਧੜੀ ਦੇ ਵਧਦੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਲੋਕਾਂ ਨੂੰ ਸੁਚੇਤ ਰਹਿਣ, ਅਣਜਾਣ ਲਿੰਕਾਂ ਜਾਂ ਕਾਲਾਂ ਤੋਂ ਬਚਣ ਅਤੇ ਕਿਸੇ ਵੀ ਤਰ੍ਹਾਂ ਦੀ ਧੋਖਾਧੜੀ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ ਦੀ ਅਪੀਲ ਕੀਤੀ ਗਈ।

ਫਤਿਹਾਬਾਦ ਪੁਲਿਸ ਦਾ ਇਹ ਯਤਨ ਨਾ ਸਿਰਫ਼ ਨਾਗਰਿਕਾਂ ਨੂੰ ਜਾਗਰੂਕ ਕਰ ਰਿਹਾ ਹੈ ਬਲਕਿ ਸੁਰੱਖਿਆ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੂੰ ਵੀ ਮਜ਼ਬੂਤ ਕਰ ਰਿਹਾ ਹੈ।

# ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਹੋਈ ਅਹਿਮ ਮੀਟਿੰਗ,,,,

## ਐਸੋਸੀਏਸ਼ਨ ਵੱਲੋਂ ਸਰਕਾਰ ਦੇ ਪੈਨਸ਼ਨਰਾਂ ਪ੍ਰਤੀ ਵਤੀਰੇ ਦੀ ਸਖ਼ਤ ਨਿਖੇਧੀ ,,,,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਮਾਨਸਾ 20 ਜੂਨ (ਆਤਮਾ ਸਿੰਘ ਪਮਾਰ ) ਦੀ ਰਿਟਾਇਰਡ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਸਥਾਨਕ ਪੈਨਸ਼ਨ ਭਵਨ ਵਿਖੇ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ ਅਤੇ ਅਜੈਬ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਹੋਈ। ਆਗੂਆਂ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੁਲਾਜਮਾਂ ਦੀਆਂ ਤਮਾਮ ਅਦਾਇਗੀਆਂ ਤੇ ਰੋਕ ਲਗਾਈ ਹੋਈ ਹੈ,ਇਸ ਦ ਸਬੰਧ 'ਚ ਜ਼ਿਲ੍ਹਾ ਖਜ਼ਾਨਾ ਅਫ਼ਸਰ ਮਾਨਸਾ ਨੂੰ ਵਫ਼ਦ ਦੇ ਰੂਪ ਵਿੱਚ ਮਿਲਿਆ ਗਿਆ ਕਿ ਮੁਲਾਜਮਾਂ ਦੇ ਮੈਡੀਕਲ ਬਿੱਲ, ਲੀਵ ਇਨ ਕੈਸ਼ਮੈਟ ਅਤੇ ਹੋਰ ਕਾਫ਼ੀ ਬਿੱਲ ਖਜ਼ਾਨਾ ਦਫਤਰ ਵਿੱਚ ਬਕਾਇਆ ਪਏ



ਹਨ ਤਾਂ ਖਜ਼ਾਨਾ ਅਫਸਰ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਦੇ ਜੁਬਾਨੀ ਹੁਕਮਾਂ ਕਾਰਨ ਪੇਮੈਂਟ ਨਹੀਂ ਕੀਤੀ ਜਾ ਰਹੀ, ਹੁਕਮ ਆਉਣ ਤੇ ਅਦਾਇਗੀਆਂ ਕੀਤੀਆਂ ਜਾਣਗੀਆਂ। ਆਗੂਆਂ ਨੇ ਮੀਟਿੰਗ ਦੌਰਾਨ ਸਰਕਾਰ ਵੱਲੋਂ ਪੰਜਾਬ ਦੀ ਹਜਾਰਾਂ ਏਕੜ ਜਮੀਨ ਐਕੁਆਇਰ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਵੀ ਨਿਖੇਧੀ ਕੀਤੀ ਗਈ ।ਜਿਸ ਨਾਲ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬੇਰੁਜ਼ਗਾਰ ਹੋਣਗੇ। ਜਿਸ ਤਰ੍ਹਾਂ ਮੁਹਾਲੀ ਨੇੜੇ 6200 ਏਕੜ ਜਮੀਨ ਤੋਂ ਜਿਆਦਾ, ਮਾਨਸਾ ਨੇੜੇ ਪਿੰਡ ਠੂਠਿਆਂ ਵਾਲੀ ਦੀ 212 ਏਕੜ ਅਤੇ ਇਸ ਤਰ੍ਹਾਂ ਸਾਰੇ ਪੰਜਾਬ ਵਿੱਚ ਇਹ ਸਿਲਸਿਲਾ ਚੱਲ ਰਿਹਾ ਹੈ। ਆਗੂ ਜਗਦੀਸ਼ ਰਾਏ, ਮੱਖਣ ਸਿੰਘ ਉੱਡਤ,ਸੇਠੀ ਸਿੰਘ ਸਰਾਂ ਰਾਜ ਕੁਮਾਰ ਰੰਗਾ ਅਤੇ ਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਹ ਸਰਕਾਰ ਦੂਜੀਆਂ ਸਰਕਾਰਾਂ ਤੋਂ ਵੀ ਨਿਕੰਮੀ ਸਾਬਤ ਹੋਈ ਹੈ ਜਿਸਨੇ 13% ਡੀ ਏ ਦੀਆਂ ਕਈ ਕਿਸਤਾਂ ਨਹੀਂ ਦਿੱਤੀਆਂ। ਕੰਟਰੈਕਟ, ਆਉਟ ਸੋਰਸਿੰਗ ਅਤੇ ਉਕਾ ਪੁੱਕਾ ਮੁਲਾਜਮਾਂ ਨੂੰ ਰੈਗੂਲਰ ਨਹੀਂ ਕੀਤਾ। ਮੀਟਿੰਗ ਦੌਰਾਨ ਮੰਗ ਕੀਤੀ ਗਈ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ 01-01-2016 ਤੋਂ ਬਾਦ ਸੇਵਾ ਮੁਕਤ ਹੋਏ ਮੁਲਾਜਮਾਂ ਨੂੰ 2.59 ਦੇ ਗੁਣਾਂਕ ਨਾਲ ਪੈਨਸ਼ਨ ਦਿੱਤੀ ਜਾਵੇ। ਪ੍ਰਬੇਸ਼ਨ ਸਮੇਂ ਦੌਰਾਨ ਪੂਰੀ ਤਨਖਾਹ ਸਮੇਤ ਭੱਤੇ ਦਿੱਤੇ ਜਾਣ। ਇਸ ਸਮੇਂ ਸ਼ਵਿੰਦਰ ਸਿੰਘ ਸਿੱਧੂ, ਜਗਸੀਰ ਢਿੱਲੋਂ, ਬਿੱਕਰ ਮਘਾਣੀਆਂ, ਸੱਤਪਾਲ ਭੈਣੀ, ਭਗਵਾਨ ਦਾਸ ਰੱਲਾ ਨੇ ਮੰਗ ਕੀਤੀ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜਮਾਂ ਨੂੰ ਕੇਂਦਰੀ ਸਕੇਲ ਦੇਣ ਦੀ ਬਿਜਾਏ ਪੰਜਾਬ ਦੇ ਪੇਅ ਸਕੇਲ ਦਿੱਤੇ ਜਾਣ। ਪੰਜਾਬ ਸਰਕਾਰ ਨੇ ਮੁਲਾਜਮਾਂ ਨੂੰ 26 ਜੂਨ ਨੂੰ ਮੀਟਿੰਗ ਦਾ ਸਮਾਂ ਦਿੱਤਾ ਹੈ। ਜੇਕਰ ਮੀਟਿੰਗ ਵਿੱਚ ਮਸਲੇ ਹੱਲ ਨਾ ਕੀਤੇ ਤਾਂ ਸਰਕਾਰ ਖ਼ਿਲਾਫ਼ ਤਿੱਖੇ ਸੰਘਰਸ਼ ਦਾ ਵਿਗਲ ਵਜਾਇਆ ਜਾਵੇਗਾ।

# ਬੀਐਸਐਨਐਲ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਕੀਤਾ ਧਰਨਾ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਜੂਨ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ, 19 ਜੂਨ (ਤਰਸੇਮ ਦੀਵਾਨਾ )

ਬੀਐੱਸਐੱਨਐਲ,ਡੀਓਟੀ ਐੱ ਮ ਟੀ ਐੱ ਨ ਐ ਲ ਦੀਆਂ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਭਾਰਤੀ ਦੂਰਸੰਚਾਰ ਮੰਚ ਦੇ ਸੱਦੇ 'ਤੇ ਦੁਪਹਿਰ ਦੇ ਖਾਣੇ ਦੀ ਛੁੱਟੀ ਦੌਰਾਨ ਪੂਰੇ ਪੰਜਾਬ ਦੇ ਨਾਲ-ਨਾਲ ਭਾਰਤ ਦੇ ਬਾਕੀ ਹਿੱਸਿਆਂ ਵਾਂਗ ਹੁਸ਼ਿਆਰਪੁਰ ਦੇ ਰੇਲਵੇ ਮੰਡੀ ਬੀਐੱਸਐੱਨਐਲ ਭਵਨ ਵਿਖ਼ੇ ਧਰਨਾ ਪ੍ਰਦਰਸ਼ਨ ਦਾ ਆਯੋਜਨ ਕੀਤਾ। ਜਿਸ ਵਿੱਚ ਬੀਐੱਸਐੱਨਐਲ ਹੁਸ਼ਿਆਰਪੁਰ ਵਪਾਰ ਖੇਤਰ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਸੇਵਾਮੁਕਤ ਵਿਅਕਤੀਆਂ ਨੇ ਧਰਨੇ ਪ੍ਰਦਰਸ਼ਨ ਨੂੰ ਸਫਲ ਬਣਾਉਣ ਲਈ ਹਿੱਸਾ ਲਿਆ। ਜਿਸ ਵਿੱਚ ਹਰਚੰਦ ਸਿੰਘ ਜ਼ਿਲ੍ਹਾ ਸਕੱਤਰ, ਅਮਿਤ ਭੱਲਾ ਸਹਾਇਕ ਸਰਕਲ ਸਕੱਤਰ, ਬਲਵਿੰਦਰ ਕੁਮਾਰ ਸ਼ੀਮਰ, ਮੁਕੇਸ਼ ਕੁਮਾਰ ਵੀਪੀ, ਸ੍ਰੀਮਤੀ ਹਰਜੀਤ ਕੌਰ ਏਡੀਐਸ, ਆਲ ਇੰਡੀਆ ਗ੍ਰੈਜੂਏਟ ਇੰਜੀਨੀਅਰਜ਼






ਅਤੇ ਟੈਲੀਕਾਮ ਅਫਸਰ ਐਸੋਸੀਏਸ਼ਨ ਦੇ ਸਰਬਜੀਤ ਸਿੰਘ, ਸਰਕਲ ਸਕੱਤਰ ਤਰਦੀਪ ਸ਼ਰਮਾ, ਟੈਲੀਕਾਮ ਸੁਸਾਇਟੀ ਹੁਸ਼ਿਆਰਪੁਰ ਦੇ ਸਕੱਤਰ ਪ੍ਰਦੀਪ ਕੁਮਾਰ ਅਤੇ ਹੋਰ ਕਾਰਜਕਾਰੀ ਅਤੇ ਗੈਰ ਕਾਰਜਕਾਰੀ ਅਤੇ ਸੇਵਾਮੁਕਤ ਵਿਅਕਤੀ ਮੌਜੂਦ ਸਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਬੁਲਾਰਿਆਂ ਨੇ ਕਿਹਾ ਕਿ ਧਰਨਾ ਪ੍ਰਦਰਸ਼ਨ ਕੁੱਝ ਖਾਸ ਮੁੱਦਿਆਂ ਘਰੇਲੂ 4G/5G ਤਕਨਾਲੋਜੀ ਦੇ ਸਵਦੇਸ਼ੀ ਟੈਲੀਕਾਮ ਮਿਸ਼ਨ ਦੀ ਸੁਰੱਖਿਆ, ਭਾਰਤ ਦੇ ਸੰਪ੍ਰਭੂ ਟੈਲੀਕਾਮ ਸੰਪਤੀ ਦੀ ਸੁਰੱਖਿਆ,18 ਦਸੰਬਰ 2024 ਨੂੰ 18ਵੀਂ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਬੀਐੱਸਐੱਨਐਲ 'ਤੇ ਆਪਣੀ 6ਵੀਂ ਰਿਪੋਰਟ ਵਿੱਚ ਜਨਤਕ ਅਦਾਰਿਆਂ ਬਾਰੇ ਕਮੇਟੀ ਦੁਆਰਾ ਕੀਤੀਆਂ ਗਈਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ, ਬੀਐੱਸਐੱਨਐਲ ਦੇ ਬੈਕਹਾਉਲ ਅਤੇ ਹੋਰ ਫਾਈਬਰ ਨੈੱਟਵਰਕਾਂ ਦੀ ਓਵਰਹਾਉਲਿੰਗ ਅਤੇ ਮਜ਼ਬੂਤੀ। ਬੈਕਹਾਉਲ ਵਿੱਚ ਅਕਸਰ ਸਮੱਸਿਆਵਾਂ ਅਤੇ ਘੱਟ ਨੈੱਟਵਰਕ ਉਪਲਬਧਤਾ ਕਾਰਨ ਹੋਣ ਵਾਲੇ ਮੀਡੀਆ ਆਊਟੇਜ ਨੂੰ ਰੋਕਣ ਲਈ ਵਿਕਲਪਿਕ ਵਿਧੀ, ਬੀਐੱਸਐੱਨਐਲ ਵਿੱਚ ਡੈਪੂਟੇਸ਼ਨਿਸਟ ਅਤੇ ਭਰਤੀ/ਐਡਜਸਟ ਕੀਤੇ ਕਰਮਚਾਰੀਆਂ ਦੀ ਤਨਖਾਹ, ਭੱਤਿਆਂ ਅਤੇ ਤਰੱਕੀ ਦੇ ਮੌਕਿਆਂ ਵਿੱਚ ਅਸਮਾਨਤਾ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਸਾਰਿਆਂ ਨੂੰ ਬਰਾਬਰ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ,ਕਿਫਾਇਤੀ ਧਾਰਾ ਨੂੰ ਹਟਾ ਕੇ ਬੀਐੱਸਐੱਨਐਲ ਕਰਮਚਾਰੀਆਂ ਲਈ ਤੀਜੀ ਤਨਖਾਹ ਸੋਧ ਦਾ ਹੱਲ,ਦੂਜੀ ਤਨਖਾਹ ਸੋਧ ਕਮੇਟੀ ਦੇ ਬਾਕੀ ਮੁੱਦਿਆਂ ਦਾ ਹੱਲ,ਬੀਐੱਸਐੱਨਐਲ ਦੀ ਮੁਨਾਫ਼ੇਦਾਰੀ ਤੋਂ ਤਨਖਾਹ ਅਤੇ ਪੈਨਸ਼ਨ ਸੋਧ ਨੂੰ ਵੱਖ ਕਰਨਾ, ਸਾਰੀਆਂ ਧਾਰਾਵਾਂ/ ਕੇਡਰਾਂ ਵਿੱਚ ਸਾਰੇ ਯੋਗ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਤਰੱਕੀ ਅਤੇ ਪੁਨਰਗਠਨ ਸਮੀਖਿਆ ਦੁਆਰਾ ਢੁਕਵੀਆਂ ਤਰੱਕੀ ਵਾਲੀਆਂ ਅਸਾਮੀਆਂ ਪ੍ਰਦਾਨ ਕਰਕੇ ਬੀਐੱਸਐੱਨਐਲ ਕਰਮਚਾਰੀਆਂ ਨੂੰ ਘੱਟੋ-ਘੱਟ ਸਾਲਾਂ ਦੇ ਕਾਰਜਕਾਲ ਦੇ ਨਾਲ ਸੁਚਾਰੂ ਕਰੀਅਰ ਤਰੱਕੀ ਪ੍ਰਦਾਨ ਕਰਨਾ ਵਰਗੀਆਂ ਮੰਗਾਂ ਉੱਪਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਮੁਲਾਜ਼ਮ ਵਰਗ ਨਾਲ ਲੰਮੇ ਸਮੇਂ ਤੋਂ ਰਹੇ ਧੱਕੇਸ਼ਾਹੀ ਨੂੰ ਰੋਕਿਆ ਜਾ ਸਕੇ | ਇਸੇ ਧਰਨੇ ਨੂੰ ਟਰੇਡ ਯੂਨੀਅਨ ਆਗੂ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਲੜਾਈ ਲੰਬੇ ਸਮੇਂ ਤੋਂ ਚੱਲ ਰਹੀ ਹੈ ਜਿਸ ਵਿੱਚ ਜਿੱਤ ਕੇਵਲ ਉਸ ਹਾਲਤ ਚ ਹਾਸਲ ਹੋ ਸਕਦੀ ਹੈ ਜਦੋਂ ਪੂਰੀ ਵਫਾਦਾਰੀ ਤੇ ਇਮਾਨਦਾਰੀ ਨਾਲ ਇੱਕ ਜੁੱਟ ਹੋ ਕੇ ਸੰਘਰਸ਼ ਲੜਿਆ ਜਾ ਜਾਵੇ। ਇਸ ਮੌਕੇ ਕੇਂਦਰ ਸਰਕਾਰ ਖਿਲਾਫ ਜੋਰਦਾਰ ਨਾਰੇਬਾਜੀ ਕੀਤੀ ਗਈ।

# ਵਿਧਾਨ ਸਭਾ ਹਲਕਾ ਬਰਨਾਲਾ ਦੇ ਪਿੰਡ ਕੱਟੂ ਵਿਖੇ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ 22 ਜੂਨ ਦੀ ਸੰਗਰੂਰ ਰੈਲੀ ਦੀ ਤਿਆਰੀ ਲਈ ਮੀਟਿੰਗ

"Equality and justice"
Patiala 20 June
INTERNATIONAL PAPER, 94636 01616
hardipchumber57@gmail.com



ਵਿਧਾਨ ਸਭਾ ਹਲਕਾ ਬਰਨਾਲਾ ਦੇ ਪਿੰਡ ਕੱਟੂ ਵਿਖੇ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ 22 ਜੂਨ ਦੀ ਸੰਗਰੂਰ ਰੈਲੀ ਦੀ ਤਿਆਰੀ ਲਈ ਮੀਟਿੰਗ ਕੀਤੀ ਗਈ। ਜਿਸ ਵਿਚ ਸਤਿਕਾਰਯੋਗ ਸ੍ਰੀ ਅਜੀਤ ਸਿੰਘ ਭੈਣੀ ਪ੍ਰਜਾਪਤੀ ਸੂਬਾ ਇੰਚਾਰਜ ਲੈਕਚਰਾਰ ਅਮਰਜੀਤ ਸਿੰਘ ਝਲੂਰ ਸੂਬਾ ਜਨਰਲ ਸਕੱਤਰ ਡਾਕਟਰ ਸਰਬਜੀਤ ਸਿੰਘ ਖੇੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਬਰਨਾਲਾ ਪਹੁੰਚੇ।ਗੁਰਨਾਮ ਸਿੰਘ, ਦਵਿੰਦਰ ਸਿੰਘ, ਮਨਦੀਪ ਸਿੰਘ, ਪਰਮਜੀਤ ਸਿੰਘ ਸਾਰੇ ਪ੍ਰਜਾਪਤੀ ਭਾਈਚਾਰਾ, ਬਿੱਲੂ ਸਿੰਘ ਮਹਿਰਾ ਆਦਿ ਵੱਡੀ ਗਿਣਤੀ ਵਿਚ BC ਭਾਈਚਾਰੇ ਚੋਂ ਸਾਥੀ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਸਮੇਂ ਬਾਵਾ ਸਿੰਘ ਕੱਟੂ ਹਲਕਾ ਜਨਰਲ ਸਕੱਤਰ, ਜਨਕ ਸਿੰਘ ਰੇਲਵੇ, ਬੇਅੰਤ ਸਿੰਘ ਸੈਕਟਰ ਪ੍ਰਧਾਨ, ਦਰਸ਼ਨ ਸਿੰਘ ਆਦਿ ਵੱਡੀ ਗਿਣਤੀ ਵਿਚ ਵਰਕਰ ਸਾਥੀ ਹਾਜ਼ਰ ਸਨ।

ਰਿਪੋਰਟ:- ਡਾਕਟਰ ਸਰਬਜੀਤ ਸਿੰਘ ਖੇੜੀ,

ਪ੍ਰਧਾਨ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਬਰਨਾਲਾ।

# ਬਹੁਜਨ ਸਮਾਜ ਪਾਰਟੀ ਵੱਲੋਂ ਗੜ੍ਹਸ਼ੰਕਰ ਵਿੱਚ ਦਿੱਤਾ ਗਿਆ ਵਿਸ਼ਾਲ ਧਰਨਾ

"Equality and justice"
Patiala 20 June
INTERNATIONAL PAPER, 94636 01616
hardipchumber57@gmail.com



ਗੜ੍ਹਸ਼ੰਕਰ( ਚਰਨਜੀਤ ਸੱਲ੍ਹਾਂ )ਪਿੰਡ ਖਾਨਪੁਰ ਦੀ ਐਫ ਆਈ ਆਰ ਰੱਦ ਕਰਕੇ ਅਣਮਨੁੱਖੀ ਵਿਵਹਾਰ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ

ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਨੂਰਪੁਰ ਜੱਟਾਂ ਵਿੱਚ ਬਾਬਾ ਸਾਹਿਬ ਦੇ ਬੇਅਦਬੀ ਕਰਨ ਵਾਲੇ ਦੋਸ਼ੀ ਤੁਰੰਤ ਫੜੇ ਜਾਣ ਅਤੇ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੇ ਪੰਜਾਬ ਭਰ ਵਿੱਚ ਜਿੱਥੇ ਵੀ ਬੁੱਤ ਲੱਗੇ ਹਨ ਉੱਥੇ ਪੰਜਾਬ ਅਤੇ ਕੇਂਦਰ ਦੀ ਸਰਕਾਰੀ ਫੋਰਸ ਦੀ ਪੱਕੀ ਸੁਰੱਖਿਆ ਲਾਈ ਜਾਵੇ।

ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਹਾਊਸ ਅੰਦਰ ਡਾ ਅੰਬੇਦਕਰ ਵਿਰੁੱਧ ਕੀਤੀ ਗਈ ਗੈਰ ਜਿੰਮੇਵਾਰਾਂ ਨਾਲ ਸ਼ਬਦਾਵਲੀ ਤੋਂ ਬਾਅਦ ਹੀ ਪੰਜਾਬ ਅੰਦਰ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ ਹੋਣਾ ਆਮ ਹੋਈਆਂ: ਕਰੀਮਪੁਰੀ

ਸੰਗਤਾਂ ਦੇ ਆਸਥਾ ਦੇ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਛੋਹ ਪ੍ਰਾਪਤ ਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਸ਼ਰਾਬ ਦੇ ਠੇਕੇ ਅਤੇ ਅਣਅਧਿਕਾਰ ਦੁਕਾਨਾਂ ਬੰਦ ਕਰਵਾਈਆਂ ਜਾਣ ਅਤੇ ਪੰਜਾਬ ਭਰ ਵਿੱਚੋਂ ਡਰੱਗ ਮਾਫੀਆ ਦਾ ਖਾਤਮਾ ਯਕੀਨੀ ਬਣਾਇਆ ਜਾਵੇ।

ਪੁਲਿਸ ਸਟੇਸ਼ਨ ਗੜ੍ਹਸ਼ੰਕਰ ਵੱਲੋਂ ਦਰਜ ਕੀਤੀ ਗਈ ਐਫਆਈਆਰ ਨੰਬਰ 161, 163 ਸਾਲ 2024 ਦਾ ਜ਼ਿਕਰ ਕਰਦੇ ਹੋਏ ਉਹਨਾਂ ਨੇ ਕਿਹਾ ਕਿ ਪਿੰਡ ਖਾਨਪੁਰ ਵਿੱਚ ਸਧਾਰਨ ਲੋਕਾਂ ਦਾ ਪੁਲਿਸ ਵੱਲੋਂ ਪੀੜਨ ਕੀਤਾ ਗਿਆ, ਘਰਾਂ ਦਾ ਸਮਾਨ ਤੋੜ ਦਿੱਤਾ ਗਿਆ ਅਤੇ ਇਸ ਅਣਮਨੁੱਖੀ ਵਿਵਹਾਰ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ ਦੇਵੇ ਐਫ ਆਈ ਆਰ ਰੱਦ ਕਰਕੇ ਪੀੜਤਾਂ ਨੂੰ ਇਨਸਾਫ ਦਿੱਤਾ ਜਾਵੇ

# ਆਦਰਸ਼ ਸਕੂਲ ਯੂਨੀਅਨ ਦੀ 26 ਜੂਨ ਦੀ ਮੁੱਖ ਮੰਤਰੀ ਨਾਲ ਮੀਟਿੰਗ ਮੁਲਤਵੀ ਹੋਈ ਤਾਂ ਤਿੱਖਾ ਸੰਘਰਸ਼ ਵਿਡਾਂਗੇ : ਗਲੋਟੀ, ਸਰਾਂ

"Equality and justice"
Patiala 20 June
INTERNATIONAL PAPER, 94636 01616
hardipchumber57@gmail.com



ਜ਼ੀਰਾ 20 ਜੂਨ ( ਅੰਗਰੇਜ਼ ਬਰਾੜ ) - ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਨੂੰ ਪਿਛਲੇ ਕਈ ਸਾਲਾਂ ਦੀ ਸਖ਼ਤ ਜੱਦੋਂ ਜਹਿਦ ਤੇ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ 26 ਜੂਨ ਨੂੰ ਮਿਲੀ ਹੈ ਅਤੇ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮਿਲੀ ਇਹ ਮੀਟਿੰਗ ਕਿਸੇ ਵੀ ਕਾਰਨ ਕਰਕੇ ਕੈਂਸਲ ਜਾਂ ਅੱਗੇ ਪਾਈ ਜਾਂਦੀ ਹੈ ਤਾਂ ਯੂਨੀਅਨ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ । ਉਕਤ ਸ਼ਬਦਾਂ ਦਾ ਪ੍ਰਗਟਾਵਾ ਯੂਨੀਅਨ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਅਤੇ ਸੂਬਾ ਜਨਰਲ ਸਕੱਤਰ ਸੁਖਦੀਪ ਕੌਰ ਸਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਜਿਕਰਯੋਗ ਹੈ ਕਿ ਲੁਧਿਆਣਾ ਜਿਮਨੀ ਚੋਣ ਦੇ ਮੱਦੇਨਜਰ ਲੁਧਿਆਣਾ ਵਿਖੇ ਆਦਰਸ਼ ਸਕੂਲਾਂ ਦੇ ਅਧਿਆਪਕਾਂ ਵੱਲੋਂ ਰੋਸ ਰੈਲੀ ਕਰਨ ਤੋਂ ਬਾਅਦ ਆਦਰਸ਼ ਸਕੂਲ ਦੇ ਮੁਲਾਜ਼ਮਾਂ ਨੂੰ ਲੁਧਿਆਣਾ ਪ੍ਰਸ਼ਾਸਨ ਵੱਲੋਂ 26 ਜੂਨ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿਵਾਇਆ ਗਿਆ ਸੀ, ਜਿਸ ਸਬੰਧੀ ਯੂਨੀਅਨ ਨੂੰ ਪੱਤਰ ਵੀ ਪ੍ਰਾਪਤ ਹੋ ਚੁੱਕਾ ਹੈ! ਜਥੇਬੰਦੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਅਤੇ ਮੈਡਮ ਸੁਖਦੀਪ ਕੌਰ ਸਰਾਂ ਨੇ ਦੱਸਿਆ ਕਿ ਉਹ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਲਈ ਪਿਛਲੇ ਕਈ ਸਾਲਾਂ ਤੋਂ ਸੰਘਰਸ਼ ਕਰ ਰਹੇ ਹਨ ਜੋਂ ਕਿ ਪਿਛਲੇ ਕਰੀਬ 15 ਸਾਲਾਂ ਤੋਂ ਕੇਵਲ 10 ਹਜ਼ਾਰ ਮਾਸਕ ਤਨਖਾਹ 'ਤੇ ਹੀ ਗੁਜ਼ਾਰਾ ਕਰ ਰਹੇ ਹਨ, ਜਦੋਂ ਕਿ ਦੂਜੇ ਪਾਸੇ ਇਹਨਾ ਹੀ ਸਕੂਲਾਂ ਵਿੱਚ ਕਈ ਅਧਿਆਪਕ 80 ਹਜਾਰ 41 ਹਜਾਰ ਤਨਖਾਹਾਂ ਲੈ ਰਹੇ ਹਨ, ਆਖਿਰ ਇਹ ਨਾ ਇਨਸਾਫੀ ਕਿਉਂ ਕੀਤੀ ਜਾ ਰਹੀ ਹੈ! ਆਦਰਸ਼ ਸਕੂਲਾਂ ਦੇ ਘੱਟ ਉਜਰਤ ਵਾਲੇ ਮੁਲਾਜ਼ਮ ਆਪਣੀਆਂ ਤਨਖਾਹਾਂ ਵਿੱਚ ਵਾਧੇ ਦੀ ਮੰਗ ਪਿਛਲੇ ਲੰਬੇ ਸਮੇਂ ਤੋਂ ਕਰ ਰਹੇ ਹਨ, ਪਰ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ ! ਜਸਵੀਰ ਸਿੰਘ ਗਲੋਟੀ ਅਤੇ ਮੈਡਮ ਸੁਖਦੀਪ ਸਰਾਂ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਇਕ ਉਮੀਦ ਦੀ ਕਿਰਨ ਜਰੂਰ ਜਾਪ ਰਹੀ ਹੈ ਕਿਉਕਿ ਇਨ੍ਹਾਂ ਆਦਰਸ਼ ਸਕੂਲਾਂ ਨੂੰ ਚਲਾ ਰਹੇ ਪੀ ਈ ਡੀ ਬੀ ਬੋਰਡ ਦੇ ਚੇਅਰਮੈਨ ਖੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੀ ਹਨ, ਪਰ ਜੇਕਰ ਉਨ੍ਹਾਂ ਨਾਲ 26 ਜੂਨ ਦੀ ਮੀਟਿੰਗ ਕਿਸੇ ਕਾਰਨ ਮੁਲਤਵੀ ਹੁੰਦੀ ਹੈ ਤਾਂ ਮੁਲਾਜਮਾਂ ਦੀਆਂ ਉਮੀਦਾਂ ਤੇ ਪਾਣੀ ਫਿਰ ਜਾਵੇਗਾ, ਜਿਸ ਤੋਂ ਬਾਅਦ ਯੂਨੀਅਨ ਕੋਲ ਸੰਘਰਸ਼ ਤੋਂ ਬਿਨਾ ਹੋਰ ਕੋਈ ਵੀ ਰਾਹ ਨਹੀਂ ਰਹਿ ਜਾਵੇਗਾ। ਉਹਨਾਂ ਕਿਹਾ ਕਿ ਜਥੇਬੰਦੀ ਨੂੰ ਇਸ ਵਾਰ ਪੂਰਨ ਭਰੋਸਾ ਵੀ ਹੈ ਕੀ ਮੁੱਖ ਮੰਤਰੀ ਪੰਜਾਬ ਇਸ ਮੀਟਿੰਗ ਦੌਰਾਨ ਆਦਰਸ਼ ਸਕੂਲਾਂ 'ਚ ਵੀ 'ਸਿੱਖਿਆ ਕ੍ਰਾਂਤੀ' ਦਾ ਝੰਡਾ ਜਰੂਰ ਲਹਿਰਾਉਣਗੇ! ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ, ਜਨਰਲ ਸਕੱਤਰ ਸੁਖਦੀਪ ਕੌਰ ਸਰਾਂ, ਸਹਾਇਕ ਸਕੱਤਰ ਸਲੀਮ ਮੁਹੰਮਦ, ਮੈਡਮ ਮੀਨੂ ਬਾਲਾ ਸੀਨੀਅਰ ਮੀਤ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਮਰਜੋਤ ਜੋਸ਼ੀ,ਵਿਤ ਸਕੱਤਰ ਭੁਪਿੰਦਰ ਕੌਰ, ਸਹਾਇਕ ਵਿਤ ਸਕੱਤਰ ਸਰਬਜੀਤ ਕੌਰ, ਮੈਡਮ ਓਮਾ ਮਾਧਵੀ, ਗਗਨ ਮਹਾਜਨ, ਗੁਰਜਿੰਦਰ ਰਾਮ, ਜਗਸੀਰ ਸਿੰਘ, ਮਨਪ੍ਰੀਤ ਕੌਰ ਹਰਦਾਸਾ, ਕਰਮਜੀਤ ਕੌਰ ਬਰਾੜ, ਰਜਵੰਤ ਕੌਰ ਸੇਖਵਾ, ਰਾਜਵੰਤ ਕੌਰ ਧੰਨਾ ਸ਼ਹੀਦ, ਜਸਵਿੰਦਰ ਕੌਰ, ਸੁਖਬੀਰ ਕੌਰ, ਕੁਲਵਿੰਦਰ ਕੌਰ ਫਿਰੋਜ਼ਪੁਰ, ਸਰਬਜੀਤ ਕੌਰ, ਪਵਨ ਕੁਮਾਰ, ਮਨਪ੍ਰੀਤ ਕੌਰ ਬਾਠ, ਮੈਡਮ ਦੀਪਿਕਾ, ਨਵਰੀਤ ਕੌਰ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਕੁਲਵਿੰਦਰ ਕੌਰ, ਗੁਰਚਰਨ ਸਿੰਘ, ਸੁਖਚੈਨ ਸਿੰਘ, ਸਵਰਨਜੀਤ ਕੌਰ ਆਦਿ ਹਾਜ਼ਰ ਸਨ!

# ਸੀਵਰੇਜ ਦੇ ਗੰਦੇ ਪਾਣੀ ਨੇ ਯੋਗੀਆਂ ਵਾਲਾ ਮੋਹਲੇ ਦਾ ਕੀਤਾ ਮੰਦਾ ਹਾਲ

## ਲੰਮੇ ਸਮੇ ਤੋਂ ਸੰਤਾਪ ਹੰਢਾ ਰਹੇ ਹਨ ਮੁਹੱਲਾ ਵਾਸੀ, ਡੀ ਸੀ ਰੂਪਨਗਰ ਤੋਂ ਤੁਰੰਤ ਦਖ਼ਲ ਦੀ ਮੰਗ

"Equality and justice"
Patiala 20 June
INTERNATIONAL PAPER, 94636 01616
hardipchumber57@gmail.com



ਮੋਰਿੰਡਾ 20 ਜੂਨ (ਪਤਰ ਪ੍ਰੇਰਕ)ਸੀਵਰੇਜ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਸਥਾਨਕ ਵਾਰਡ ਨੰਬਰ 14 ਮੁਹੱਲਾ ਯੋਗੀਆਂ ਵਾਲਾ ਦੇ ਵਸਨੀਕ ਲੰਮੇ ਸਮੇਂ ਤੋਂ ਸੰਤਾਪ ਹੰਢਾ ਰਹੇ ਹਨ। ਸੀਵਰੇਜ ਦਾ ਗੰਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਅਤੇ ਸੜਕਾਂ ਵਿਚ ਆਮ ਘੁੰਮਦਾ ਵੇਖਿਆ ਜਾ ਸਕਦਾ ਹੈ। ਪਰ ਨਗਰ ਕੌਂਸਲ ਦੇ ਅਧਿਕਾਰੀ ਇਸ ਦਾ ਪੁਖਤਾ ਪ੍ਰਬੰਧ ਕਰਨ ਵਿਚ ਬੇ ਬਸ ਨਜ਼ਰ ਆ ਰਹੇ ਹਨ। ਜਿਥੇ ਮੁਹੱਲਾ ਵਾਸੀਆਂ ਨੂੰ ਗਲੀਆਂ ਚ ਘੁੰਮ ਰਹੇ ਗੰਦੇ ਪਾਣੀ ਵਿੱਚੋ ਅਨੇਕਾਂ ਵਾਰ ਗੁਜ਼ਰਨਾ ਪੈਂਦਾ ਹੈ ਉਥੇ ਰਾਹਗੀਰ ਵੀ ਗੰਦੇ ਪਾਣੀ ਵਿਚੋਂ ਲੰਘਣ ਲਈ ਮਜਬੂਰ ਹਨ। ਇਸ ਮੁਹੱਲੇ ਵਿੱਚ ਕਈ ਵਾਰ ਬਿਮਾਰੀਆਂ ਫੈਲਣ ਕਾਰਨ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਆਉਂਦਾ ਰਹਿੰਦਾ ਹੈ। ਇਸ ਸਮੱਸਿਆ ਦੇ ਹੱਲ ਸਬੰਧੀ ਵਾਰਡ ਵਾਸੀ ਨਗਰ ਕੌਂਸਲ ਤੇ ਸੀਵਰੇਜ ਵਿਭਾਗ ਦੇ ਅਧਿਕਾਰੀਆਂ ਕੋਲ ਕਈ ਵਾਰ ਗੁਹਾਰ ਲਗਾ ਚੁੱਕੇ ਹਨ, ਪ੍ਰੰਤੂ ਸਮੱਸਿਆ ਜਿਉਂ ਦੀ ਤਿਉਂ ਬਣੀ ਖੜੀ ਹੈ ,ਜਦਕਿ ਬਰਸਾਤ ਨੇੜੇ ਆਉਣ ਕਾਰਨ ਵਾਰਡ ਵਾਸੀ ਇਸ ਪਾਣੀ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਨੂੰ ਲੈਕੇ ਕਾਫੀ ਚਿੰਤਤ ਹਨ, ਕਿਉਂਕਿ ਪਿਛਲੇ ਸਾਲ ਵੀ ਸੀਵਰੇਜ ਦੇ ਪਾਣੀ ਕਾਰਨ ਇਸ ਵਾਰਡ ਵਿਚ ਡਾਇਰੀਆ ਫੈਲਣ ਕਾਰਨ ਵੱਡੀ ਗਿਣਤੀ ਵਿੱਚ ਮਰੀਜਾਂ ਨੂੰ ਸਰਕਾਰੀ ਸਿਵਲ ਹਸਪਤਾਲ ਵਿਚ ਭਰਤੀ ਹੋਣਾ ਪਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਿਲਬਾਗ ਸਿੰਘ , ਸੋਹਣ ਲਾਲ, ਰਣਜੀਤ ਸਿੰਘ, ਮੱਖਣ ਸਿੰਘ, ਭਾਗ ਸਿੰਘ, ਰਾਜਵਿੰਦਰ ਸਿੰਘ, ਜਸਵਿੰਦਰ ਸਿੰਘ, ਬੂਟਾ ਸਿੰਘ, ਕੁਲਦੀਪ ਸਿੰਘ, ਗੁਰਪਾਲ ਸਿੰਘ, ਸਤਪਾਲ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਵਾਰਡ ਨੰਬਰ 14 ਵਿੱਚ ਪਿਛਲੇ ਲਗਭਗ ਦੋ ਮਹੀਨਿਆਂ ਤੋਂ ਲਗਾਤਾਰ ਸੀਵਰੇਜ ਦਾ ਗੰਦਾ ਪਾਣੀ ਟੋਬੇ ਦੀ ਤਰਾਂ ਸੜਕਾਂ ਤੇ ਖੜਾ ਹੈ। ਪ੍ਰੰਤੂ ਨਾ ਤਾਂ ਇਸਦਾ ਕੋਈ ਨਗਰ ਕੌਂਸਲ ਹੱਲ ਕਰਦੀ ਹੈ ਤੇ ਨਾ ਹੀ ਸੀਵਰੇਜ ਵਿਭਾਗ ਵਾਲੇ ਉਹਨਾਂ ਦੀ ਗੱਲ ਸੁਣਦੇ ਹਨ। ਉਨਾ ਦੱਸਿਆ ਕਿ ਸੀਵਰੇਜ ਦਾ ਪਾਣੀ ਖੜਨ ਨਾਲ ਉਹਨਾਂ ਦੇ ਬੱਚੇ ਵੀ ਬਿਮਾਰ ਹੋ ਗਏ ਹਨ।ਜਿਸ ਕਾਰਨ ਉਨਾ ਨੂੰ ਪਿਛਲੇ ਸਾਲ ਇਸ ਇਲਾਕੇ ਵਿੱਚ ਫੈਲੇ ਡਾਇਰਿਆ ਕਾਰਨ ਡਰ ਸਤਾ ਰਿਹਾ ਹੈ। ਉਪਰੋਕਤ ਵਿਅਕਤੀਆਂ ਦਾ ਕਹਿਣਾ ਹੈ ਕਿ ਉਹ ਇਸ ਸਮੱਸਿਆ ਸਬੰਧੀ ਕਈ ਵਾਰੀ ਨਗਰ ਕੌਂਸਲ ਮੋਰਿੰਡਾ ਦੇ ਅਧਿਕਾਰੀਆਂ ਨੂੰ ਜ਼ੁਬਾਨੀ ਅਤੇ ਲਿਖਤੀ ਤੌਰ ਤੇ ਦੱਸ ਚੁੱਕੇ ਹਨ ਜਦਕਿ ਸੀਵਰੇਜ ਵਿਭਾਗ ਨੂੰ ਵੀ ਇਸ ਸਮੱਸਿਆ ਬਾਰੇ ਪੂਰੀ ਜਾਣਕਾਰੀ ਦਿੱਤੀ ਹੋਈ ਹੈ। ਪ੍ਰੰਤੂ ਦੋਨੋ ਵਿਭਾਗਾਂ ਦੇ ਅਧਿਕਾਰੀਆਂ ਵੱਲੋ ਹਰ ਵਾਰ ਉਹਨਾਂ ਨੂੰ ਇਹ ਕਹਿਕੇ ਵਾਪਸ ਭੇਜ ਦਿੱਤਾ ਜਾਂਦਾ ਹੈ ਕਿ ਇਸ ਵਾਰਡ ਵਿੱਚ ਖੜੇ ਗੰਦੇ ਪਾਣੀ ਦਾ ਹੱਲ ਦੋ ਦਿਨਾਂ ਵਿੱਚ ਕਰਵਾ ਦਿੱਤਾ ਜਾਵੇਗਾ। ਪ੍ਰੰਤੂ ਦੋ ਮਹੀਨੇ ਬੀਤ ਜਾਣ ਉਪਰੰਤ ਵੀ ਕੋਈ ਹੱਲ ਨਹੀਂ ਹੋਇਆ। ਉੱਪਰੋਂ ਬਰਸਾਤ ਦਾ ਮੌਸਮ ਸ਼ੁਰੂ ਹੋ ਗਿਆ ਹੈ, ਜਿਸ ਨਾਲ ਸੀਵਰੇਜ ਦਾ ਪਾਣੀ ਮੀਂਹ ਦੇ ਪਾਣੀ ਨਾਲ ਰਲ ਕੇ ਘਰਾਂ ਵਿੱਚ ਦਾਖਲ ਹੋਣਾ ਸ਼ੁਰੂ ਹੋ ਗਿਆ ਹੈ। ਵਾਰਡ ਨੰਬਰ 14 ਦੇ ਵਸਨੀਕਾਂ ਨੇ ਡਿਪਟੀ ਕਮਿਸ਼ਨਰ ਰੂਪਨਗਰ ਤੋਂ ਮੰਗ ਕੀਤੀ ਹੈ ਕਿ ਉਹ ਤੁਰੰਤ ਦਖ਼ਲ ਦੇ ਕੇ ਇਸ ਗੰਭੀਰ ਸਮੱਸਿਆ ਦਾ ਹੱਲ ਕਰਵਾਉਣ ਕਿਉਂਕਿ ਲੋਕਲ ਪ੍ਰਸ਼ਾਸਨ ਉਹਨਾਂ ਦੀ ਕੋਈ ਸੁਣਵਾਈ ਨਹੀਂ ਕਰ ਰਿਹਾ। ਇਸ ਸਬੰਧ ਵਿੱਚ ਜਦੋਂ ਐੱਸ.ਡੀ.ਓ. ਸੀਵਰੇਜ ਬੋਰਡ ਦੀਪਕ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਵਾਰਡ ਨੰਬਰ 14 ਵਿੱਚ ਸੀਵਰੇਜ ਨੂੰ ਸਾਫ ਕਰਨ ਲਈ ਵੱਡੀਆਂ ਮਸ਼ੀਨਾਂ ਦੀ ਜਰੂਰਤ ਹੈ , ਕਿਉਂਕਿ ਛੋਟੀਆਂ ਮਸ਼ੀਨਾਂ ਇਸ ਸੀਵਰ ਨੂੰ ਖੋਲ੍ਹਣ ਵਿੱਚ ਸਮਰੱਥ ਨਹੀਂ ਹਨ। ਉਨਾ ਕਿਹਾ ਕਿ ਬਹੁਤ ਜਲਦੀ ਵੱਡੀਆਂ ਮਸ਼ੀਨਾਂ ਲਿਆ ਕਿ ਮੁਹੱਲਾ ਵਾਸੀਆਂ ਦੀ ਇਸ ਗੰਭੀਰ ਸਮੱਸਿਆ ਦਾ ਹੱਲ ਕਰਵਾ ਦਿੱਤਾ ਜਾਵੇਗਾ।

"Equality and justice"
Patiala 20 June
INTERNATIONAL PAPER, 94636 01616
hardipchumber57@gmail.com

# ਲੇਖਕ

*****

ਜਸਵੀਰ ਸਿੰਘ ਮੋਰੋਂ
9417262838



ਲੇਖਕ ਕਦੇ, ਨਿਰਪੱਖ ਨਹੀਂ ਹੁੰਦਾ,
ਉਸਦਾ ਵੀ ਹੁੰਦਾ,ਹੈ ਇੱਕ ਪੱਖ l

ਸਹੀ ਦੇ,ਉਹ ਪੱਖ ਵਿੱਚ ਖੜਦਾ,
ਗਲਤ ਨੂੰ ਲਾਹਨਤ,ਪਾਵੇ ਲੱਖ l

ਕਿੱਥੇ,ਕਿਸੇ ਨਾਲ ,ਹੋ ਰਿਹਾ ਧੱਕਾ,
ਨੀਝ ਲਾ ਵੇਂਹਦੀ,ਹੈ ਉਸਦੀ ਅੱਖ l

ਉਹ ਜ਼ੁਲਮੀ ਦੀ ਪਛਾਣ ਕਰਾਵੇ,
ਕਰ ਉਹਦੇ ਵੱਲ ,ਆਪਣਾ ਹੱਥ l

ਜਾਤ,ਧਰਮ ਦੇ,ਸਭ ਪਰਦੇ ਚੱਕੇ,
ਜੋ,ਸਰਮਾਏਦਾਰੀ ਦਾ ਪੂਰਨ ਪੱਖੀl

ਉਹਨਾਂ ਕਾਰਕਾਂ ´ਤੇ ਉਂਗਲ ਰੱਖੇ,
ਜਿਹੜੇ ,ਲੋਕਾਂ ਨੂੰ ਕਰਦੇ ਨੇ ਵੱਖ l

ਉਹ ਵਿਚਾਰਾਂ ਵਾਲੀ ਸਾਂਝ ਪੁਆਵੇ,
ਨਾਲ ਸਹੀ ਦਲੀਲਾਂ,ਰੱਖ ਕੇ ਪੱਖ l

ਜਸਵੀਰ ਮੋਰੋਂ,ਕਿਰਤੀਆਂ ਨਾਲ,
ਅਮੀਰਾਂ ਦਾ ਨਹੀਂ ਪੂਰਦਾ ਪੱਖ l

# ਅੱਜ ਬਸਪਾ ਜਿਲਾ ਪਟਿਆਲਾ ਵਲੋਂ ਸਮੀਖਿਆ ਮੀਟਿੰਗ ਕੀਤੀ ਜਾਵੇਗੀ, ਮੇਜਰ ਟਿੱਬੀ

"Equality and justice"
Patiala 20 June
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਬਸਪਾ ਪਟਿਆਲਾ ਵੱਲੋਂ ਬੇਗਮਪੁਰਾ ਹਾਲ ਰਵਿਦਾਸ ਹਰਿਮੰਦਰ ਸਾਹਿਬ ਫੈਕਟਰੀ ਏਰੀਆ ਪਟਿਆਲਾ ਵਿਖੇ ਅੱਜ 21 ਜੂਨ ਨੂੰ ਸਵੇਰੇ 10 ਵਜੇ ਸਮੀਖਿਆ ਮੀਟਿੰਗ ਕੀਤੀ ਜਾਵੇਗੀ।

